# ਸਾਂਝੀ ਵਿਰਾਸਤ

ਜਿਲਦ 1 ਅੰਕ 4 2022 ਵੈਸਾਖ (ਅਪਰੈਲ)





## ਪੰਜਾਬੀ ਭਾਸ਼ਾ, ਸਭਿਅਤਾ ਅਤੇ ਵਿਰਾਸਤ ਦਾ ਮਾਸਿਕ ਮੈਗਜ਼ੀਨ

A monthly non-political, not-for-profit magazine of

the Panjabi Language, Culture and Heritage

www.sanjhivirasat.org

# ਇਸ ਅੰਕ ਵਿਚ

## (ਤਤਕਰਾ)


| | | | |
|---|---|---|---|
| 1. | ਤਤਕਰਾ | | |
| 2. | ਸੰਪਾਦਕੀ ਮੰਡਲ | | |
| 3. | ਸੰਪਾਦਕੀ ਨੋਟ | ਮੁਖ ਸੰਪਾਦਕ | |
| 4. | ਵੈਸਾਖ (ਗੁਰਬਾਨੀ ਵਿਚਾਰ) | ਪ੍ਰੋਫ਼ੈਸਰ ਮਨਿੰਦਰ ਸਿੰਘ | 1 |
| 5. | ਉਸ ਪੰਥ ਸਜਾਇਆ ਏ | ਗੁਰਦੀਸ਼ ਕੌਰ ਗਰੇਵਾਲ | 2 |
| 6. | ਮੈਂਟਲ ਹੈਲਥ ਅਤੇ ਵਿਸਾਖੀ | ਡਾ. ਕਾਲਾ ਸਿੰਘ | 3 |
| 7. | ਵੈਸਾਖ ਮਹੀਨੇ ਦੇ ਸ਼ਬਦ ਦਾ ਕਾਵਿ-ਅਨੁਵਾਦ | ਕਰਮਜੀਤ ਸਿੰਘ 'ਨੂਰ' | 4 |
| 8. | ਵਿਸਾਖੀ ਅਤੇ ਪੰਜਾਬ | ਨਰਿੰਦਰ ਕੌਰ | 5 |
| 9. | ਅਪਰੈਲ ਦਾ ਮਹੀਨਾ | ਰੂਬੀਨਾ ਸਿੰਘ | 7 |
| 10. | ਖਾਲਸਾ ਮੇਰੋ ਰੂਪ ਹੈ ਖਾਸ | ਗੁਰਦੀਸ਼ ਕੌਰ ਗਰੇਵਾਲ | 8 |
| 11. | ਗੁਰੂ ਗੋਬਿੰਦ ਸਿੰਘ ਜੀ | ਹਰਪ੍ਰੀਤ ਸਿੰਘ ਗਿੱਲ | 10 |
| 12. | ਕੁਝ ਵਿਸ਼ੇਸ਼ ਸ਼ਬਦਾਂ ਦੇ ਅਰਥ - (2) | ਡਾ. ਦੇਵਿੰਦਰ ਸਿੰਘ ਸੇਖੋਂ | 12 |
| 13. | ਗੁਰ ਸੰਗਤਿ ਕੀਨੀ ਖਾਲਸਾ | ਪ੍ਰੋਫ਼ੈਸਰ ਮਨਿੰਦਰ ਸਿੰਘ | 14 |
| 14. | ਖੇਤਾਂ ਵਿਚ ਪਰਾਲੀ ਸਾੜਨ ਨੂੰ ਬਹੁ-ਪੱਖੀ ਢੰਗਾਂ ਅਤੇ ਸਬਸਿਡੀ ਨਾਲ ਨਜਿਠੀਏ | ਡਾ. ਮਿਲਖਾ ਸਿੰਘ ਤੇ ਡਾ. ਕਾਬਲ ਸਿੰਘ | 16 |
| 15. | ਅਪ੍ਰੈਲ - ਕੈਨੇਡਾ ਵਿੱਚ ਸਿੱਖ ਵਿਰਾਸਤ ਦਾ ਮਹੀਨਾ | ਡਾ. ਸੁਰਜੀਤ ਸਿੰਘ ਭੱਟੀ | 18 |
| 16. | ਅਹਿਸਾਸ (ਮਿਨੀ ਕਹਾਣੀ) | ਮਨਪ੍ਰੀਤ ਕੌਰ ਭਾਟੀਆ | 20 |
| 17. | ਆਲ੍ਹਣਾ (ਮਿਨੀ ਕਹਾਣੀ) | ਰਾਜਵਿੰਦਰ ਕੌਰ ਵੜਿੰਗ | 21 |
| 18. | ਸਰਦਾਰ ਦੀ ਪੱਗ | ਰਿਪਨਜੋਤ ਕੌਰ ਬੱਗਾ ਸੋਨੀ | 22 |
| 19. | ਬਹੁਤੀਆਂ ਭਾਸ਼ਾਵਾਂ ਦੀ ਮਹੱਤਤਾ | ਰਣਸ਼ੇਰ ਰਾਜ ਸਿੰਘ | 23 |
| 20. | ਈ-ਦੀਵਾਨ ਕੈਲਗਰੀ ਵਲੋਂ ਕਵੀ ਦਰਬਾਰ - 26,27 ਜੂਨ 2021 | | 24 |
| 21. | ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਅਤੇ ਛੇਵੇਂ ਪਾਤਸ਼ਾਹ ਦੇ ਆਗਮਨ ਪੁਰਬ ਨੂੰ ਸਮਰਪਿਤ ਕਵੀ ਦਰਬਾਰ | ਪ੍ਰੈਸ ਰਿਪੋਰਟ | 25 |
| 22. | ਲੇਖਕਾਂ ਬਾਰੇ ਜਾਣਕਾਰੀ | | 26 |
| 23 | ਲੇਖਕਾਂ ਲਈ ਜ਼ਰੂਰੀ ਜਾਣਕਾਰੀ | | 31 |

## ਸੰਪਾਦਕੀ ਮੰਡਲ

## Editorial Board

| | | |
|---|---|---|
| 1. | ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| 2. | ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| 3. | ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| 4. | ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| 5. | ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| 6. | ਸ. ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| 7. | ਸ. ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| 8. | ਪ੍ਰਿੰਸੀਪਲ ਮਨਮੋਹਨ ਕੌਰ | ਕੈਲਗਰੀ (ਕੈਨੇਡਾ) |
| 9. | ਡਾ. ਰਾਜਬੀਰ ਸਿੰਘ ਭੱਟੀ | ਕੈਲਗਰੀ (ਕੈਨੇਡਾ) |
| 10. | ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

### ਸਲਾਹਕਾਰ:

| | | |
|---|---|---|
| 1. | ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| 2. | ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| 3. | ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| 4. | ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| 5. | ਸ੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| 6. | ਸ. ਯੁਵਰਾਜ ਸਿੰਘ | ਕੈਲਗਰੀ (ਕੈਨੇਡਾ) |

## ਸੰਪਾਦਕੀ ਨੋਟ

ਸੰਸਾਰ ਭਰ ਵਿਚ **ਵਿਸਾਖੀ** (ਵਿਸਾਖ ਦੀ ਸੰਗਰਾਂਦ) ਦਾ ਦਿਨ ਅਲਗ ਅਲਗ ਤਰੀਕਿਆਂ ਨਾਲ ਮਨਾਇਆ ਜਾਂਦਾ ਹੈ। ਪੰਜਾਬ ਵਿਚ ਇਸ ਦਿਨ ਤੋਂ ਫਸਲਾਂ ਦੀਆਂ ਵਾਢੀਆਂ (Harvesting) ਸ਼ੁਰੂ ਹੋ ਜਾਂਦੀਆਂ ਹਨ। ਇਸ ਲਈ ਪਰਾਲੀ ਨੂੰ ਸਾੜਨ ਦੀ ਬਜਾਏ ਵਰਤੋਂ ਵਿਚ ਲਿਆਉਣ ਲਈ ਇਕ ਖਾਸ ਲੇਖ ਸ਼ਾਮਲ ਕੀਤਾ ਹਿਆ ਹੈ।

ਸਿੱਖਾਂ ਲਈ ਇਹ ਦਿਨ ਬਹੁਤ ਪਵਿੱਤਰ ਸਮਝਿਆ ਜਾਂਦਾ ਹੈ ਕਿਉਂਕਿ 1699 ਦੀ ਵਿਸਾਖੀ ਵਾਲੇ ਦਿਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ (Khalsa) ਦੀ ਸਿਰਜਨਾ ਕਰ ਕੇ ਸੰਸਾਰ ਦੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ। ਇਸ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ। ਇਕ ਲੇਖ ਵਿਚ ਵਿਸਾਖੀ ਦੇ ਪੰਜਾਬ ਨਾਲ ਇਤਿਹਾਸਕ ਰਿਸ਼ਤਿਆਂ ਦੀ ਜਾਣਕਾਰੀ ਦਿੱਤੀ ਗਈ ਹੈ।

ਵਿਸਾਖ ਵਿਚ ਗੁਰੂ ਅੰਗਦ ਸਾਹਿਬ ਦੇ (1552 ਵਿਚ) ਜੋਤੀ ਜੋਤ ਸਮਾਵਣ ਤੇ ਗੁਰੂ ਅਮਰ ਦਾਸ ਜੀ ਗੁਰਗੱਦੀ ਉਤੇ ਬੈਠੇ ਸਨ। ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਸਾਹਿਬ ਦਾ ਜਨਮ ਵਿਸਾਖ 1563 ਵਿਚ ਹੋਇਆ ਸੀ। ਇਸੇ ਮਹੀਨੇ 1664 ਵਿਚ ਅਠਵੀਂ ਪਾਤਸ਼ਾਹੀ ਗੁਰੂ ਹਰ ਕ੍ਰਿਸ਼ਨ ਜੀ ਜੋਤੀ ਜੋਤ ਸਮਾਏ। ਗੁਰੂ ਤੇਗ ਬਹਾਦੁਰ ਸਾਹਿਬ ਦਾ ਜਨਮ ਵਿਸਾਖ 1621 ਵਿਚ ਹੋਇਆ ਅਤੇ ਇਸੇ ਮਹੀਨੇ 1664 ਵਿਚ ਉਹ ਨੌਵੇਂ ਗੁਰੂ ਬਣੇ ਸਨ। ਧੰਨਾ ਭਗਤ ਜੀ ਦਾ ਜਨਮ ਵੀ ਵਿਸਾਖ ਵਿਚ ਹੋਇਆ ਸੀ।

ਇਸ ਅੰਕ ਵਿਚ ਕਈ ਹੋਰ ਮਹੱਤਵਪੂਰਣ ਵਿਸ਼ਿਆਂ ਤੇ ਲੇਖ ਅਤੇ ਕਵਿਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜਿਵੇਂ ਮੈਂਟਲ ਹੈਲਥ (Mental Health) ਅਤੇ ਗੁਰਮਤ ਦੇ ਸੰਬੰਧਾਂ ਬਾਰੇ ਅਤੇ ਗੁਰਬਾਣੀ ਦੇ ਕੁਝ ਸ਼ਬਦਾਂ ਦੇ ਸਹੀ ਅਰਥਾਂ ਦੀਆਂ ਖੋਜ-ਭਰਪੂਰ ਲਿਖਤਾਂ ਹਨ।

ਕੈਨੇਡਾ ਵਿਚ ਫੈਡਰਲ ਸਰਕਾਰ ਵਲੋਂ ਅਪਰੈਲ ਨੂੰ 'ਸਿੱਖ ਵਿਰਾਸਤੀ ਮਹੀਨਾ' (Sikh Heritage Month) ਦੇ ਤੌਰ ਤੇ ਮਨਾਇਆ ਜਾਂਦਾ ਹੈ। ਸਿੱਖਾਂ ਲਈ (ਖਾਸ ਤੌਰ ਤੇ ਕੈਨੇਡੀਅਨ ਸਿੱਖਾਂ ਲਈ) ਇਸ ਦੇ ਮੱਹਤਵ ਬਾਰੇ ਵੀ ਗੱਲ ਕੀਤੀ ਗਈ ਹੈ।

ਇਸ ਤੋਂ ਇਲਾਵਾ, 26 ਤੇ 27 ਜੂਨ 2021 ਨੂੰ ਕਰਵਾਏ ਪੰਜਵ ਪਾਤਸ਼ਾਹ ਦੀ ਸ਼ਹਾਦਤ ਅਤੇ ਛੇਵੇਂ ਪਾਤਸ਼ਾਹ ਦੇ ਆਗਮਨ ਨੂੰ ਸਮਰਪਿਤ ਇੰਟਰ-ਨੈਸ਼ਨਲ ਕਵੀ ਦਰਬਾਰ ਦੀ ਰਿਪੋਰਟ ਵੀ ਦਿੱਤੀ ਗਈ ਹੈ।

ਜੋ ਲੇਖਕ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ (ਮਈ ਦੇ ਅੰਕ ਲਈ) ਕੋਈ ਰਚਨਾ (ਲੇਖ, ਮਿੰਨੀ ਕਹਾਣੀ ਜਾਂ ਕਵਿਤਾ) ਭੇਜਣਾ ਚਾਹੁੰਦੇ ਹਨ ਉਹ ਅਪਰੈਲ ਦੀ 20 ਤਾਰੀਖ ਤਕ ਭੇਜ ਸਕਦੇ ਹਨ। ਕਿਸੇ ਧਰਮ, ਸੰਸਥਾਂ ਜਾਂ ਵਿਅਕਤੀ ਵਿਰੁੱਧ ਲੇਖ ਨਹੀਂ ਛਾਪੇ ਜਾਣਗੇ। ਲੇਖ ਅੰਗਰੇਜ਼ੀ ਵਿਚ ਵੀ ਭੇਜੇ ਜਾ ਸਕਦੇ ਹਨ।ਇਕਸਾਰਤਾ ਲਈ ਜ਼ਰੂਰੀ ਜਾਣਕਾਰੀ (Important Guidelines for Authors) ਅੰਤਲੇ ਪੰਨੇ ਤੇ ਦਿੱਤੀ ਗਈ ਹੈ ਅਤੇ ਸਾਡੇ ਵੈਬਸਾਈਟ (sanjhivirasat.org) ਤੋਂ ਵੀ ਮਿਲ ਸਕਦੀ ਹੈ।

ਮੈਗਜ਼ੀਨ ਲਈ ਲੇਖ ਵੱਧ ਤੋਂ ਵੱਧ ਦੋ ਪਨਿੰਆਂ ਦਾ ਹੋਵੇ। ਇਸ ਤੋਂ ਲੰਬੇ ਲੇਖ ਵੈਬਸਾਈਟ ਦੇ ਬਲਾਗ (Blog) ਉਤੇ ਪਾਏ ਜਾ ਸਕਦੇ ਹਨ। ਲੇਖਕ ਜੇ ਚਾਹੁਣ ਤਾਂ ਆਪਣੀ ਫੋਟੋ, ਆਪਣਾ ਪਤਾ (e-mail, WhatsApp ਜਾਂ phone number), ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਸਕਦੇ ਹਨ।

ਆਸ ਹੈ ਪਹਿਲੇ ਵਾਂਗ ਇਹ ਅੰਕ ਵੀ ਪਾਠਕਾਂ ਲਈ ਜਾਣਕਾਰੀ-ਭਰਪੂਰ ਹੋਵੇਗਾ।

ਡਾ. ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ।

*(surjitsingh.bhatti@gmail.com)*




## ਵੈਸਾਖ (ਗੁਰਬਾਣੀ ਵਿਚਾਰ)

### (ਨਾਨਕਸ਼ਾਹੀ ਕੈਲੇਡੰਰ ਅਨੁਸਾਰ ਵੈਸਾਖ 14 ਅਪਰੈਲ ਤੋਂ ਸ਼ੁਰੂ ਹੁੰਦਾ ਹੈ)

### ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪॥ ੧ੴ ਸਤਿਗੁਰ ਪ੍ਰਸਾਦਿ॥

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ਹਰਿ ਸਾਜਨੁ ਪੁਰਖੁ ਸਾਰਿ ਕੈ ਲਗੀ ਮਾਇਆ ਧੋਹੁ ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥133॥

ਮਨੁੱਖ (ਜੀਵ-ਇਸਤ੍ਰੀ) ਨੂੰ ਵੈਸਾਖ ਰੂਪੀ ਜੀਵਨ ਵਿਚ ਖ਼ੁਸ਼ੀ ਦੀ ਤਲਾਸ਼ ਹੈ। ਖ਼ੁਸ਼ੀ ਪ੍ਰਾਪਤੀ ਦੇ ਦੋਂ ਮਾਰਗ ਹਨ, ਸੰਸਾਰਕ ਤੇ ਅਧਿਆਤਮਕ। ਜੀਵ ਨੇ ਸੱਚਾ ਮਾਰਗ ਛੱਡਕੇ ਸੰਸਾਰਕ ਖ਼ੁਸ਼ੀਆਂ ਦਾ ਸਾਧਨ ਮਾਇਆ ਚੁਣ ਲਿਆ। ਜੀਵ ਨੂੰ ਇਹ ਮਾਰਗ ਸੁਖੈਨ ਲਗਦਾ ਹੈ। ਸਭ ਤੋਂ ਪਹਿਲਾਂ ਆਪਣੇ ਪ੍ਰਵਾਰ ਇਸਤ੍ਰੀ, ਪੁੱਤਰ ਤੇ ਧਨ ਪਦਾਰਥ ਨਾਲ ਉਹ ਸਾਰਾ ਜੀਵਨ ਫ਼ੱਸਿਆ ਰਹਿੰਦਾ ਹੈ। ਇਹ ਮੋਹ ਝੂਠਾ ਹੈ ਇਸਤੋਂ ਉਸਨੂੰ ਖ਼ੁਸ਼ੀ ਨਹੀਂ ਮਿਲਦੀ ਸਗੋਂ ਝੂਠੇ ਮਾਯਾਵੀ ਧੰਧਿਆਂ ਵਿਚ ਫ਼ੱਸਕੇ ਮਨੁੱਖ ਆਪਨਾ ਜੀਵਨ ਬਰਬਾਦ ਕਰ ਲੈਂਦਾ ਹੈ। ਖੁਸ਼ੀ ਤੇ ਸੁਖਾਂ ਦੇ ਸੋਮੇ ਹਰਿਨਾਮ ਨੂੰ ਭੁੱਲਕੇ ਜਿਹੜੇ ਸੁਖਾਂ ਲਈ ਉਹ ਝੂਠੇ ਧੰਦੇ ਕਰਦਾ ਰਿਹਾ ਉਹ ਸਾਰੇ ਮੌਤ ਤੋਂ ਪਹਿਲਾਂ ਹੀ ਉਸ ਪਾਸੋਂ ਖੋਹ ਲਏ ਜਾਂਦੇ ਹਨ। ਜੀਵ ਇਸਤ੍ਰੀ ਨੇ ਪ੍ਰਭੂ ਪ੍ਰੇਮ ਸੱਚਾ ਮਾਰਗ ਨਹੀਂ ਚੁਣਿਆ, ਉਸਦੀ ਪ੍ਰਭੂ ਪਤੀ ਨਾਲ ਸਾਂਝ ਨਹੀ ਬਣੀ ਤਾਂ ਉਸਨੂ ਧੀਰਜ ਕਿਵੇਂ ਆਵੇ। ਪ੍ਰਮੇਸ਼ਵਰ-ਪਤੀ ਨੂੰ ਭੁੱਲਕੇ ਖੁਆਰੀ ਹੀ ਹੁੰਦੀ ਹੈ ਕਿਉਂਕਿ ਉਸ ਬਿਨਾ ਜੀਵ ਇਸਤ੍ਰੀ ਦਾ ਕੋਈ ਵਾਰਸ ਨਹੀਂ। ਪ੍ਰਭੂ ਦੇ ਚਰਣੀ ਲੱਗਣ ਵਾਲਿਆਂ ਨੂੰ ਸੰਸਾਰ ਵਿਚ ਵਡਿਆਈ ਮਿਲਦੀ ਹੈ। ਸਤਿਗੁਰੂ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਜੀਵਾਂ ਨੂੰ ਅੰਤਰ-ਆਤਮੇ ਆਪਣਾ ਮਿਲਾਪ ਬਖਸ਼ੋ ਤਾਂ ਜੋ ਉਨ੍ਹਾ ਦਾ ਵੈਸਾਖ ਰੂਪੀ ਜੀਵਨ ਗੁਰੂ ਮਿਲਾਪ ਨਾਲ ਸੁਭਾਇਮਾਨ ਹੋ ਜਾਵੇ ।



**ਪ੍ਰੋਫੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ**

## ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ–

## ਉਸ ਪੰਥ ਸਜਾਇਆ ਏ




ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
(ਵਟਸਐਪ ਸੰਪਰਕ: +91 98728 60488)


ਉਸ ਪੰਥ ਸਜਾਇਆ ਏ, ਤੇਗਾਂ ਦੀਆਂ ਧਾਰਾਂ ਤੇ।
ਰੰਗ ਨਵਾਂ ਚੜ੍ਹਾਂ ਦਿੱਤਾ, ਬੁਜ਼ਦਿਲਾਂ ਲਾਚਾਰਾਂ ਤੇ।

ਅੱਜ ਭਰੇ ਦੀਵਾਨ ਅੰਦਰ, ਇੱਕ ਪਰਚਾ ਪਾਇਆ ਏ।
ਅੱਜ ਆਪਣੇ ਸਿੱਖਾਂ ਦਾ, ਸਿਦਕ ਅਜ਼ਮਾਇਆ ਏ।
ਪੰਜ ਸਾਜੇ ਪਿਆਰੇ ਨੇ, ਸਿਰ ਲੈ ਤਲਵਾਰਾਂ ਤੇ
ਉਸ......
ਭਗਤੀ ਤੇ ਸ਼ਕਤੀ ਦਾ, ਉਸ ਬੂਟਾ ਲਾਇਆ ਏ।
ਇਹਨੂੰ ਹਰਿਆ ਰੱਖਣ ਲਈ, ਸਰਬੰਸ ਲੁਟਾਇਆ ਏ।
ਉਸ ਜੋਤ ਜਗਾ ਦਿੱਤੀ, ਮੰਦਰਾਂ ਦੇ ਦੁਆਰਾਂ ਤੇ
ਉਸ......
ਸੂਲਾਂ ਤੇ ਸੁੱਤਾ ਏ, ਪੁੱਤਰਾਂ ਦਾ ਦਾਨੀ ਉਹ।
ਚਿੜੀਆਂ ਤੋਂ ਬਾਜ਼ ਤੁੜਾਏ, ਸੂਰਾ ਲਾਸਾਨੀ ਉਹ।
ਪੱਤਝੜ ਗੁਲਾਮੀ ਦੀ, ਨਾ ਆਏ ਬਹਾਰਾਂ ਤੇ
ਉਸ......
ਆਪੇ ਗੁਰ ਚੇਲਾ ਉਹ, ਵਿਦਵਾਨ ਲਿਖਾਰੀ ਉਹ।
ਢਾਡੀ ਤੇ ਕਵੀਆਂ ਦਾ, ਵੱਡਾ ਹਿਤਕਾਰੀ ਉਹ।
ਉਸ ਜਿਉਣਾ ਦੱਸਿਆ ਏ, ਆਜ਼ਾਦ ਵਿਚਾਰਾਂ ਤੇ
ਉਸ......
ਇੱਕ ਕੌਮ ਬਣਾ ਦਿੱਤੀ, ਪਟਨੇ ਦੇ ਮਾਹੀ ਨੇ।
ਇੱਕ ਯੁੱਗ ਪਲਟਾ ਦਿੱਤਾ, ਉਸ ਸੰਤ ਸਿਪਾਹੀ ਨੇ।
ਸਿੱਖੀ ਨਵਿਆਈ ਏ, ਉਸ ਪੰਜ ਕਕਾਰਾਂ ਤੇ
ਉਸ......
ਉਸ ਜ਼ਾਲਿਮ ਹਾਕਮ ਨੂੰ, ਕਹਿ ਸੱਚ ਸੁਣਾਇਆ ਏ।
ਡੁਬਦੇ ਬੇੜੇ ਹਿੰਦ ਨੂੰ, ਉਸ ਬੰਨੇ ਲਾਇਆ ਏ।
ਧੰਨ ਧੰਨ ਗੁਰਦੀਸ਼ ਕਰੇ, ਉਸ ਦੇ ਉਪਕਾਰਾਂ ਤੇ
ਉਸ......

**ਵਿਸਾਖੀ ਤੇ ਵਿਸ਼ੇਸ਼–**

### ਆ ਨੀ ਵਿਸਾਖੀਏ

ਆ ਨੀ ਵਿਸਾਖੀਏ, ਤੂੰ ਆ ਨੀ ਵਿਸਾਖੀਏ।
ਸੁਨੇਹਾ ਦਸ਼ਮੇਸ਼ ਦਾ, ਸੁਣਾ ਨੀ ਵਿਸਾਖੀਏ।

ਪੰਜੇ ਨੇ ਪਿਆਰੇ ਵਿੱਚੋਂ, ਵੱਖ ਵੱਖ ਜਾਤਾਂ ਦੇ।
ਗੋਬਿੰਦ ਚਲਾਏ ਦੇਖੋ, ਰਾਜ ਪੰਚਾਇਤਾਂ ਦੇ।
ਜਾਤ ਪਾਤ ਭੇਦ ਨੂੰ, ਮਿਟਾ ਨੀ ਵਿਸਾਖੀਏ।
ਆ.......

ਆਪੇ ਗੁਰੂ ਆਪੇ ਹੀ ਉਹ, ਬਣ ਬੈਠਾ ਚੇਲਾ ਏ।
ਗੁਰੂ ਅਤੇ ਚੇਲੇ ਵਿੱਚ, ਰਿਹਾ ਨਾ ਝਮੇਲਾ ਏ।
ਏਹੋ ਜਿਹਾ ਸਭ ਨੂੰ, ਬਣਾ ਨੀ ਵਿਸਾਖੀਏ।
ਆ.......

ਸੀਸ ਭੇਟ ਕਰ ਜਿਹਨਾਂ, ਆਪਾ ਏ ਮਿਟਾ ਲਿਆ।
ਸਿੰਘ ਸਜ ਇੱਕ ਇੱਕ, ਲੱਖਾਂ ਨੂੰ ਮੁਕਾ ਲਿਆ।
ਮੁੜ ਓਹੀ ਸ਼ਕਤੀ, ਜਗਾ ਨੀ ਵਿਸਾਖੀਏ।
ਆ........

ਗੋਬਿੰਦ ਗੁਲਾਮੀ ਵਾਲਾ, ਜੂਲਾ ਗਲੋਂ ਲਾਹ ਗਿਆ।
ਸੁੱਤੀ ਹੋਈ ਕੌਮ ਨੂੰ, ਝੰਜੋੜ ਕੇ ਜਗਾ ਗਿਆ।
ਐਸਾ ਮੁੜ ਬਿਗਲ, ਵਜਾ ਨੀ ਵਿਸਾਖੀਏ।
ਆ.........

ਸਿੰਘ ਸਜ ਗੁਰੂ ਦੀਆਂ, ਖੁਸ਼ੀਆਂ ਨੂੰ ਮਾਣੀਏਂ।
ਬਾਣੀ ਅਤੇ ਬਾਣੇ ਦੀ, ਕਦਰ 'ਦੀਸ਼' ਜਾਣੀਏਂ।
ਆ ਕੇ 'ਪਾਹੁਲ ਖੰਡੇ', ਵਰਤਾ ਨੀ ਵਿਸਾਖੀਏ।
ਆ......

# ਮੈਂਟਲ ਹੈਲਥ ਅਤੇ ਵਿਸਾਖੀ

ਡਾ. ਕਾਲਾ ਸਿੰਘ, ਵੈਨਕੂਵਰ (ਕੈਨੇਡਾ)



ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ, ਜੋ ਗੁਰੂ ਨਾਨਕ ਜੀ ਨੇ ਜਾਤ ਪਾਤ ਤੋਂ ਰਹਿਤ ਸਮਾਜ ਬਨਾਉਣ ਦਾ ਕੰਮ ਸ਼ੁਰੂ ਕੀਤਾ ਸੀ, ਪੂਰਨ ਕਰ ਦਿਤਾ। ਵੱਖ ਵੱਖ ਜਾਤਾਂ ਦੇ ਪੰਜ ਸਿੱਖਾਂ ਨੂੰ ਇੱਕੋ ਬਾਟੇ ਵਿਚੋਂ ਖੰਡੇ ਬਾਟੇ ਦੀ ਪਾਹੁਲ ਜਿਸ ਨੂੰ ਅੰਮ੍ਰਿਤ ਵੀ ਕਿਹਾ ਜਾਂਦਾ ਹੈ, ਛਕਾ ਕੇ ਜਾਤ ਪਾਤ ਦਾ ਭੇਦ ਮਿਟਾ ਕੇ ਹਰ ਇੱਕ ਇਨਸਾਨ ਨੂੰ ਬਰਾਬਰ ਦਾ ਹੱਕ ਦਿਤਾ। ਔਰਤ ਜਿਸ ਨੂੰ ਕਾਇਨਾਤ ਦੇ ਸ਼ੁਰੂ ਤੋਂ ਹੀ ਨੀਵਾਂ ਦੇਖਿਆ ਜਾਂਦਾ ਸੀ, ਮਰਦ ਦੇ ਨਾਲ ਅੰਮ੍ਰਿਤ ਛਕਾ ਕੇ ਉਸਨੂੰ ਬਰਾਬਰ ਦਾ ਦਰਜਾ ਦੇ ਦਿਤਾ। ਮਰਦ ਦਾ ਨਾਂ ਸਿੰਘ ਅਤੇ ਔਰਤ ਦਾ ਕੌਰ ਰਖ ਕੇ ਸਬ ਨੂੰ ਬਰਾਬਰਤਾ ਦੇ ਦਿਤੀ। ਗੁਰੂ ਸਾਹਿਬ ਦੀ ਇਹ ਦੁਨੀਆਂ ਨੂੰ ਇਕ ਅਦੁੱਤੀ ਅਤੇ ਬੇਜੋੜ ਦੇਣ ਹੈ।

ਕਾਇਨਾਤ ਦੇ ਸ਼ੁਰੂ ਤੋਂ ਹੀ ਇਨਸਾਨ ਇਕ ਦੂਜੇ ਨਾਲ ਜਾਤ ਪਾਤ, ਰੰਗ, ਧੱਰਮ ਅਤੇ ਲਿੰਗ ਦੇ ਅਧਾਰ ਤੇ ਵਿਤਕਰਾ ਕਰਦਾ ਆਇਆ ਹੈ ਅਤੇ ਅੱਜ ਵੀ ਕਰ ਰਿਹਾ ਹੈ, ਜਿਸ ਕਰਕੇ ਸਮਾਜ ਨੇ ਬਹੁਤ ਦੁਖ ਝੇਲੇ ਹਨ ਅਤੇ ਝੇਲ ਰਿਹਾ ਹੈ। ਤਾਕਤਵਰ ਕਮਜੋਰ ਨੂੰ ਤਸੀਹੇ ਦੇਂਦਾ ਰਿਹਾ ਹੈ ਅਤੇ ਅੱਜ ਵੀ ਦੇ ਰਿਹਾ ਹੈ।ਜਿਵੇਂ ਕਿ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਬਟਵਾਰੇ ਦੌਰਾਨ ਹਜਾਰਾਂ ਲੋਕੀਂ ਮਾਰੇ ਗਏ। ਹਿਟਲਰ ਨੇ ਯਹੂਦੀਆਂ ਦਾ, ਕੈਥੋਲਿਕ ਇਸਾਈਆਂ ਅਤੇ ਪਰੋਟੈਸਟੈਂਟ ਇਸਾਈਆਂ ਦਾ, ਸ਼ੀਆ ਅਤੇ ਸੁੰਨੀ ਦਾ, ਉੱਚੀ ਜਾਤੀ ਦਾ ਨੀਵੀਂ ਜਾਤੀਆਂ ਉੱਪਰ, ਸਿੱਖਾਂ ਨਾਲ ਛੋਟਾ, ਵੱਡਾ ਘੱਲੂਘਾਰਾ ਅਤੇ 1984 ਦੀ ਨਸਲਕੁਸ਼ੀ, ਮੁੰਬਈ ਅਤੇ ਗੁਜਰਾਤ ਵਿਚ ਹਿੰਸਾ। ਦੁਨੀਆ ਭਰ ਵਿਚ ਆਤੰਕਵਾਦੀ ਹਮਲੇ ਹੋ ਰਹੇ ਹਨ। ਇਹ ਸਭ ਧਰਮ ਦੇ ਨਾਮ ਤੇ ਹੋ ਰਿਹਾ ਹੈ। ਮਰਦ ਔਰਤ ਨੂੰ ਸ਼ੁਰੂ ਤੋਂ ਹੀ ਨੀਵਾਂ ਦੇਖਦਾ ਆਇਆ ਹੈ ਅਤੇ ਅੱਜ ਵੀ ਦੇਖ ਰਿਹਾ ਹੈ।ਜਿਵੇਂ ਕਿ ਸਤੀ ਪ੍ਰਥਾ। ਕੁਝ ਦਹਾਕਿਆਂ ਪਹਿਲਾਂ ਔਰਤ ਨੂੰ ਤਾਂ ਵੋਟ ਪਾਉਣ ਦਾ ਹੱਕ ਵੀ ਨਹੀਂ ਸੀ।ਇਹਨਾਂ ਕਾਰਣਾਂ ਕਰ ਕੇ ਸਮਾਜ ਵਿਚ ਕਾਇਨਾਤ ਦੇ ਸ਼ੁਰੂ ਤੋਂ ਲੈ ਕੇ ਅੱਜ ਵੀ ਬਹੁਤ ਮੈਂਟਲ ਹੈਲਥ ਦੀਆਂ ਸਮੱਸਿਆਵਾਂ ਹਨ।

ਜਿੱਥੇ ਸਿੱਖਾਂ ਨੇ ਦੁਨੀਆ ਨੂੰ ਏਕਤਾ ਦਾ ਸੰਦੇਸ਼ ਦੇਣਾ ਸੀ ਉੱਥੇ ਉਹ ਖੁਦ ਹੀ ਵੰਡੇ ਹੋਏ ਹਨ। ਕੋਈ ਅਕਾਲ ਤਖਤ ਨਾਲ ਜੁੜਿਆ ਹੋਇਆ ਹੈ ਤੇ ਕੋਈ ਮੋਡਰੇਟ ਹੈ, ਕੋਈ ਸਹਿਜਧਾਰੀ ਹੈ ਤੇ ਕੋਈ ਬਾਬੇ ਜਾਂ ਡੇਰੇ ਨਾਲ ਜੁੜਿਆ ਹੋਇਆ ਹੈ। ਹੋਰ ਤਾਂ ਹੋਰ ਅਸੀਂ ਗੁਰੂਦਵਾਰੇ ਅਤੇ ਅੰਮ੍ਰਿਤ ਨੂੰ ਵੀ ਨਹੀ ਛੱਡਿਆ। ਉਹ ਵੀ ਅਲੱਗ ਬਣਾ ਲਏ ਹਨ।

ਸਾਡੇ ਧਾਰਮਕ ਅਤੇ ਰਾਜਸੀ ਆਗੂ "ਪੰਥ ਖਤਰੇ ਵਿਚ ਹੈ" ਦਾ ਨਾਅਰਾ ਦੇ ਕੇ ਆਪਣੀ ਕੁਰਸੀ ਕਾਇਮ ਰੱਖਣ ਵਾਸਤੇ ਵੋਟਾਂ ਹੀ ਇਕੱਠੀਆਂ ਕਰਨਾ ਜਾਣਦੇ ਹਨ।

ਗੁਰੂ ਸਾਹਿਬਾਂ ਨੇ ਅੰਮ੍ਰਿਤ ਛਕਾ ਕੇ ਜਾਤ ਪਾਤ, ਰੰਗ, ਧੱਰਮ ਅਤੇ ਲਿੰਗ ਦੇ ਭੇਦ ਭਾਵ ਮਿਟਾਏ ਉੱਥੇ ਕਮਜੋਰ ਅਤੇ ਨੀਵੇਂ ਵਰਗ ਦੇ ਇਨਸਾਂਨਾਂ ਨੂੰ ਆਤਮ ਵਿਸ਼ਵਾਸ, ਇੱਜ਼ਤ, ਹਿੰਮਤ ਅਤੇ ਬਹਾਦਰੀ ਦੇ ਨਾਲ ਜੀਵਨ ਬਿਤਾਉਣਾ ਸਿਖਾਇਆ। ਜਿਨ੍ਹਾਂ ਨੇ ਕਦੇ ਸ਼ਸਤਰ ਨਹੀ ਸੀ ਚੁੱਕੇ ਉਹਨਾਂ ਨੂੰ ਸੰਤ-ਸਿਪਾਹੀ ਬਣਾ ਕੇ ਮਾਣ ਅਤੇ ਸਵੈਭੀਮਾਨਤਾ ਦੇ ਨਾਲ ਰਹਿਣਾ ਸਿਖਾ ਦਿਤਾ। ਇਸ ਦੇ ਨਾਲ ਜੋ ਮੈਂਟਲ ਹੈਲਥ ਸਮੱਸਿਆਵਾਂ, ਜੋ ਜਾਤ ਪਾਤ, ਰੰਗ, ਧੱਰਮ ਅਤੇ ਲਿੰਗ ਭੇਦ ਦੇ ਅਧਾਰ ਤੇ ਸਨ, ਖੱਤਮ ਹੋ ਗਈਆਂ।

ਅਜੋਕੇ ਸਮੇਂ ਜਰੂਰਤ ਹੈ ਇਸ ਸਿਧਾਂਤ ਨੂੰ ਦੁਨੀਆਂ ਦੇ ਹਰ ਕੋਨੇ ਤੱਕ ਪਹੁਚਾਉਣ ਦੀ। ਅੱਜ ਦੁਨੀਆਂ ਭਰ ਵਿਚ ਧਰਮ, ਰੰਗ ਅਤੇ ਜਾਤ ਪਾਤ ਦੇ ਅਧਾਰ ਤੇ ਲੜਾਈ ਝਗੜੇ, ਟੈਰੋਰਿਸਟ ਅਟੈਕ ਹੋ ਰਹੇ ਹਨ। ਲੱਖਾਂ ਦੀ ਤਦਾਦ ਵਿਚ ਲੋਕੀਂ ਮਰ ਰਹੇ ਹਨ। ਅੱਜ ਇਨਸਾਨ ਇਕ ਦੂਜੇ ਨਾਲ ਨਫ਼ਰਤ ਕਰਦਾ ਹੈ।ਤਾਕਤਵਰ ਕਮਜ਼ੋਰ ਨੂੰ ਤੰਗ ਕਰ ਰਿਹਾ ਹੈ। ਬਦਲੇ ਦੀ ਭਾਵਨਾ ਨੇ ਇਨਸਾਨ ਨੂੰ ਹੈਵਾਨ ਬਣਾ ਦਿਤਾ ਹੈ। ਜਿੱਥੇ ਧਰਮ ਨੇ ਲੋਕਾਂ ਨੂੰ ਇੱਕਠੇ ਕਰਨਾ

ਸੀ ਉਥੇ ਧਰਮ ਦੇ ਨਾਮ ਤੇ ਲੋਕੀਂ ਇਕ ਦੂਜੇ ਨੂੰ ਮਾਰ ਰਹੇ ਹਨ।

ਇਹਨਾਂ ਕਾਰਣਾ ਕਰਕੇ ਦੁਨੀਆਂ ਭਰ ਵਿਚ ਕਈ ਮੈਂਟਲ ਹੈਲਥ ਦੀਆਂ ਬਿਮਾਰੀਆਂ ਖਾਸ ਕਰਕੇ ਪੋਸਟ ਟਰਾਮੈਟਿਕ ਸਟਰੈਸ ਡਿਸਆਰਡਰ, ਸਾਈਕੋਸਿਸ ਅਤੇ ਡੀਪਰੈਸ਼ਨ ਹਨ। ਜੇ ਸੰਤ-ਸਿਪਾਹੀ ਦੇ ਸਿਧਾਂਤ ਨੂੰ ਅਜੋਕੇ ਸਮੇਂ ਵਿਚ ਅਪਨਾ ਲਿਆ ਜਾਵੇ ਤਾਂ ਇਹਨਾਂ ਬਿਮਾਰੀਆਂ ਅਤੇ ਹੋਰ ਮੈਂਟਲ ਹੈਲਥ ਸਮਸਿਆਵਾਂ ਨੂੰ ਹੱਲ ਕਰਣ ਵਿਚ ਮੱਦਦ ਮਿਲ ਸਕਦੀ ਹੈ। ਇਹ ਸਿਧਾਂਤ ਹਨ:

- ਰੱਬ ਇਕ ਹੈ।
- ਸਾਰੇ ਇਨਸਾਨ ਉਸ ਇਕ ਰੱਬ ਦੇ ਬੱਚੇ ਹਨ ਅਤੇ ਇਸ ਵਾਸਤੇ ਸਬ ਬਰਾਬਰ ਹਨ
- ਔਰਤਾਂ ਨੂੰ ਮਰਦ ਦੇ ਬਰਾਬਰ ਦਰਜਾ ਦਿਉ।
- ਲੜਾਈ ਤਾਂ ਹੀ ਲੜਨੀ ਚਾਹੀਦੀ ਹੈ ਜੇ ਇਨਸਾਫ਼ ਦਿਵਾਉਣ ਦੇ ਹੋਰ ਸਾਰੇ ਢੰਗ ਅਸਫਲ ਹੋ ਗਏ ਹੋਣ।
- ਬਿਨਾਂ ਕਿਸੀ ਨਫ਼ਰਤ, ਬਦਲਾ ਲੈਣ ਦੀ ਭਾਵਨਾ ਅਤੇ ਹੰਕਾਰ ਤੋਂ ਜੀਣਾ ਚਾਹੀਦਾ ਹੈ।
- ਹਿੰਸਾ ਅਤੇ ਤਾਕਤ ਦਾ ਗਲਤ ਇਸਤੇਮਾਲ ਨਹੀਂ ਕਰਨਾ ਚਾਹੀਦਾ ਹੈ।
- ਔਰਤਾਂ ਦੇ ਨਾਲ ਜ਼ੋਰ ਜਬਰ ਨਹੀ ਕਰਨੀ ਚਾਹੀਦੀ।
- ਧਰਮ ਦੇ ਅਧਾਰ ਤੇ ਲੁੱਟ-ਮਾਰ ਨਹੀਂ ਕਰਨੀ ਚਾਹੀਦੀ।
- ਸਮਾਜ ਵਿਚ ਅਮਨ ਸ਼ਾਂਤੀ ਕਾਇਮ ਕਰਨ ਦੇ ਪਰਬੰਧ ਕਰਨੇ ਚਾਹੀਦੇ ਹਨ।

ਇਹਨਾਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਵੇਖਦਿਆਂ ਹੋਇਆਂ ਅਸੀਂ ਇਹ ਕਹਿ ਸਕਦੇ ਹਾਂ ਕਿ ਸੰਤ-ਸਿਪਾਹੀ ਹੀ ਅੰਤਰਰਾਸ਼ਟ੍ਰੀ ਪੱਧਰ ਤੇ ਇਕ ਆਦਰਸ਼ ਕੌਮਾਂਤਰੀ ਫ਼ੌਜ ਹੈ ਜਿਸ ਉਪਰ ਸਰਵ-ਦੇਸੀ ਭਰੋਸਾ ਰੱਖ ਸਕਦੇ ਹਨ। ਸਾਡਾ ਇਹ ਫਰਜ ਬਣਦਾ ਹੈ ਕਿ ਅਸੀਂ ਇਹ ਸੰਦੇਸ਼ ਦੁਨੀਆ ਦੇ ਹਰ ਕੋਣੇ ਵਿੱਚ ਪਹੁੰਚਾਇਏ। ਤਾਂਹੀ ਦੁਨੀਆਂ ਵਿੱਚ ਸਬ ਸੰਪੂਰਨ ਮਾਨਸਿਕ ਸੇਹਤ ਪਰਾਪਤ ਕਰ ਸਕਦੇ ਹਨ।

## ਵੈਸਾਖ ਮਹੀਨੇ ਦੇ ਸ਼ਬਦ ਦਾ ਕਾਵਿ-ਅਨੁਵਾਦ

(ਬਾਰਹ ਮਾਹਾ ਮਾਂਝ ਮਹਲਾ ੫, ਅੰਗ 133)

ਕਰਮਜੀਤ ਸਿੰਘ 'ਨੂਰ', ਜਲੰਧਰ (ਭਾਰਤ)
ਮੋਬਾਈਲ +91-98150-23970



ਵਿਛੜੀ ਵਿਸਾਖ ਵਿਚ ਪਤੀ ਦੇ ਪ੍ਰੇਮ ਤੋਂ ਜੋ,
ਦਿਲ ਉਹਦਾ ਦੱਸੋ ਭਲਾ ਕਿਸ ਤਰਾਂ ਖਲੋਵੇਗਾ,
ਸੱਜਣ ਪ੍ਰਭੂ ਨੂੰ ਵਿਸਾਰ ਕੇ ਤੇ ਮਨ ਓਹਦਾ,
ਲਪਟਿਆ ਜੇ ਮਨਮੋਹਣੀ ਮਾਇਆ ਨਾਲ ਹੋਵੇਗਾ।

ਪੁੱਤਰ ਨਾ ਇਸਤ੍ਰੀ ਨਾ ਧਨ ਕਦੇ ਨਾਲ ਰਹਿੰਦਾ,
ਹਰੀ ਦਾ ਜੋ ਨਾਮ, ਨਾਸ-ਰਹਿਤ ਸਿਰਫ ਉਹ ਹੈ,
ਸਾਰਾ ਸੰਸਾਰ ਉਲਝ ਉਲਝ ਕੇ ਹੈ ਮਰੀ ਜਾਂਦਾ,
ਪਿਆ ਐਸਾ ਮਾਇਆ ਦਿਆਂ ਧੰਧਿਆ ਦਾ ਮੋਹ ਹੈ।

ਇੱਕ ਹਰੀ ਨਾਮ ਜੀਵ ਆਤਮਾ ਦੇ ਨਾਲ ਜਾਣਾ,
ਬਾਕੀ ਹਰ ਇਕ ਚੀਜ਼ ਜਾਣੀ ਅੱਗੇ ਖੋਹੀ ਹੈ,
ਓਸ ਨੂੰ ਵਿਸਾਰ ਕੇ ਖੁਆਰ ਹੋਣਾ ਜਿੰਦਗੀ 'ਚ,
ਉਹਦੇ ਬਾਝੋਂ ਆਤਮਾਂ ਦਾ ਆਸਰਾ ਨਾ ਕੋਈ ਹੈ।

ਚਰਣਾਂ ਦੇ ਨਾਲ ਤੇਰੇ ਲਗ ਜਾਏ ਪ੍ਰੀਤਮਾਂ ਜੋ,
ਸ਼ੋਭਾ ਓਸ ਬੰਦੇ ਦੀ ਹੈ ਹੁੰਦੀ ਗੱਜ ਵੱਜ ਕੇ,
ਪ੍ਰਭੂ ਤੇਰੇ ਅੱਗੇ ਤੇਰੇ ਨਾਨਕ ਦੀ ਬੇਨਤੀ ਹੈ,
ਹੋ ਜਾਵੇ ਮੈਨੂੰ ਜੇ ਮਿਲਾਪ ਤੇਰਾ ਰੱਜ ਕੇ।

'ਨੂਰ' ਏਸ ਜਿੰਦ ਨੂੰ ਵੈਸਾਖ ਤਦੋਂ ਸੋਹੇਗਾ।
ਹਰੀ ਸੰਤ ਪ੍ਰਭੂ ਦਾ ਮਿਲਾਪ ਜਦੋਂ ਹੋਏਗਾ

# ਵਿਸਾਖੀ ਅਤੇ ਪੰਜਾਬ

ਨਰਿੰਦਰ ਕੌਰ, ਕੈਲਗਰੀ (ਕੈਨੇਡਾ)



"ਵਿਸਾਖੀ" ਵੈਸਾਖ ਦੇ ਮਹੀਨੇ ਦਾ ਪਹਿਲਾ ਦਿਨ ਹੈ ਜਿਸ ਨੂੰ ਹਰ ਸਾਲ ਭਾਰਤ ਵਿਚ ਇਕ ਤਿਉਹਾਰ ਦੀ ਤਰਾਂ ਮਨਾਇਆ ਜਾਂਦਾ ਹੈ। ਸਿ ਦਿਨ ਦਾ ਪੰਜਾਬ, ਸਿੱਖ ਧਰਮ ਅਤੇ ਇਤਿਹਾਸ ਨਾਲ ਬੜਾ ਪੁਰਾਣਾ ਸੰਬੰਧ ਹੈ। ਇਸ ਦਿਨ ਨੂੰ ਭਾਰਤ ਦੇ ਕਈ ਹਿੱਸਿਆਂ ਵਿੱਚ ਵੱਖ-ਵੱਖ ਤਰੀਕਿਆਂ ਨਾਲ ਮਨਾਇਆ ਜਾਂਦਾ ਹੈ। ਬਹੁਤ ਲੋਕ ਨਦੀਆਂ ਵਿੱਚ ਇਸ਼ਨਾਨ ਅਤੇ ਮਗਰੋਂ ਦਾਨ ਕਰਦੇ ਹਨ। ਉਹ ਵਿਸ਼ਵਾਸ ਕਰਦੇ ਹਨ ਕਿ ਇਸ ਦਿਨ ਨਦੀ (ਦੇਵੀ) ਗੰਗਾ ਸਵਰਗ ਤੋਂ ਧਰਤੀ 'ਤੇ ਹਰਿਦੁਆਰ ਵਿਚ ਉਤਰੀ ਸੀ। ਅਸਾਮ ਵਿੱਚ ਇਹ ਦਿਨ "ਬੀਹੂ", ਬੰਗਾਲ ਅਤੇ ਬੰਗਲਾ ਦੇਸ਼ ਵਿੱਚ "ਪੋਹੇਲਾ ਬੋਸ਼ਾਖ", ਅਤੇ ਕੇਰਲ ਵਿੱਚ "ਵਿਸ਼ੂ" ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ। ਬਿਹਾਰ ਅਤੇ ਨੇਪਾਲ ਵਿੱਚ ਲੋਕ ਸੱਤੂ (ਕਮਲ ਦੇ ਪਤਿੱਆਂ ਉਤੇ ਰੱਖ ਕੇ) ਦਾਨ ਕਰਦੇ ਹਨ।

ਬੋਧੀ ਲੋਕ ਭਾਰਤ ਵਿਚ, ਅਤੇ ਸ਼੍ਰੀਲੰਕਾ, ਕੰਬੋਡੀਆ, ਲਾਓਸ, ਥਾਈਲੈਂਡ, ਮਿਆਂਮਾਰ, ਅਤੇ ਚੀਨ ਦੇ ਕੁਝ ਹਿੱਸਿਆਂ ਵਿਚ ਵੀ, ਇਹ ਦਿਨ ਆਪਣੇ ਆਪਣੇ ਤਰੀਕਿਆਂ ਨਾਲ ਮਨਾਉਂਦੇ ਹਨ। ਭਾਰਤ ਤੋਂ ਬਾਹਰ ਵੀ ਪ੍ਰਵਾਸੀ ਭਾਰਤੀ ਇਹ ਦਿਨ ਮਨਾਉਂਦੇ ਹਨ।

## ਵਿਸਾਖੀ ਅਤੇ ਪੰਜਾਬ

ਪੰਜਾਬ ਵਿਚ ਤਖ਼ਤ ਕੇਸਗੜ੍ਹ ਅਤੇ ਅਨੰਦਪੁਰ ਸਾਹਿਬ ਵਿੱਚ ਜਲੂਸ ਨਿਕਲਦੇ ਹਨ ਜਿਨ੍ਹਾਂ ਦੀ ਅਗਵਾਈ ਘੋੜਸਵਾਰ ਅਤੇ ਹਾਥੀ ਕਰਦੇ ਹਨ। ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, (ਜਿੱਥੇ ਗੁਰੂ ਗੋਬਿੰਦ ਸਿੰਘ ਜੀ ਕੁਝ ਮਹੀਨੇ ਰਹੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਪੂਰਾ ਕੀਤਾ), ਵੱਡੇ ਇਕੱਠ ਹੁੰਦੇ ਹਨ। ਇਥੇ ਤਲਵਾਰਾਂ ਨਾਲ ਨਿਹੰਗਾਂ ਵਲੋਂ ਗੱਤਕੇ ਦੀ ਜੰਗੀ ਕਲਾ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਸਿੱਖ (ਗੁਰੂ ਗੋਬਿੰਦ ਸਿੰਘ ਜੀ ਦੇ ਸਥਾਨ) ਪਾਉਂਟਾ ਸਾਹਿਬ, ਜੰਮੂ ਵਿਚ ਨੰਗਲੀ ਸਾਹਿਬ, ਗੁਰਦੁਆਰਾ ਬਾਬਾ ਬੰਦਾ ਸਿੰਘ ਅਤੇ ਰੈਣਾਵਾੜੀ ਕਸ਼ਮੀਰ (ਛੇਵੀਂ ਪਾਤਸ਼ਾਹੀ) ਵਿਚ ਵੀ ਇਹ ਦਿਨ ਮਨਾਉਂਦੇ ਹਨ।

## ਵਿਸਾਖੀ ਅਤੇ ਸਿੱਖ ਗੁਰੂ ਸਾਹਿਬਾਨ

ਸਨ 1508 ਵਿਚ ਗੁਰੂ ਨਾਨਕ ਦੇਵ ਜੀ ਵਿਸਾਖੀ ਵਾਲੇ ਦਿਨ ਹੀ ਹਰਿਦੁਆਰ ਉਪਦੇਸ਼ ਦੇਣ ਪਹੁੰਚੇ ਸਨ। ਉਨ੍ਹਾਂ ਦਾ ਸ਼ਬਦ ਹੈ: (ਸ੍ਰੀ ਗੁਰੂ ਗ੍ਰੰਥ ਸਾਹਿਬ – ਅੰਗ-1108)।

**ਨਾਨਕ ਵੈਸਾਖੀ ਪ੍ਰਭ ਪਾਵੈ ਸੁਰਿਤ ਸਬਿਦ ਮਨੁ ਮਾਨਾ॥**

ਗੁਰੂ ਅਮਰਦਾਸ ਜੀ ਨੇ 1567 ਵਿਚ ਗੋਇੰਦਵਾਲ ਬਾਉਲੀ ਸਾਹਿਬ ਵਿਖੇ ਪਹਿਲੀ ਵਾਰ ਵਿਸਾਖੀ ਮਨਾਈ। ਗੁਰੂ ਹਰਗੋਬਿੰਦ ਸਾਹਿਬ ਜੀ ਦਾ ਅਨੰਦ ਕਾਰਜ 1613 ਦੀ ਵਿਸਾਖੀ ਵਾਲੇ ਦਿਨ ਹੋਇਆ ਸੀ। ਗੁਰੂ ਤੇਗ ਬਹਾਦਰ ਜੀ ਨੇ 1664 ਦੀ ਵਿਸਾਖੀ ਨੂੰ ਮੱਖਣ ਸ਼ਾਹ ਲੁਬਾਣਾ ਦੀ ਬੇਨਤੀ ਪਰਵਾਨ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ 1676 ਵਿੱਚ ਵਿਸਾਖੀ ਵਾਲੇ ਦਿਨ ਦਿੱਤੀ ਗਈ ਸੀ। ਭਾਈ ਨੰਦ ਲਾਲ ਜੀ 1682 ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਲਿਖਤ "ਬੰਦਗੀ ਨਾਮਾ" ਪੇਸ਼ ਕੀਤੀ ਜਿਸ ਨੂੰ ਗੁਰੂ ਜੀ ਨੇ ਸਵੀਕਾਰ ਕਰ ਕੇ ਉਸ ਦਾ ਨਾਮ "ਜ਼ਿੰਦਗੀ ਨਾਮ" ਰੱਖਿਆ।

ਸਿੱਖਾਂ ਲਈ ਵਿਸਾਖੀ ਬਹੁਤ ਮਹੱਤਵਪੂਰਣ ਦਿਨ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿਚ ਇਸ ਦਿਨ ਪੰਜ ਬਹਾਦੁਰ ਸਿੱਖਾਂ (ਪੰਜ ਪਿਆਰਿਆਂ) ਨੂੰ ਖੰਡੇ ਦੀ ਪਾਹੁਲ ਦਿੱਤੀ ਅਤੇ ਖੁਦ ਨਿਮਰਤਾ ਨਾਲ ਉਨ੍ਹਾਂ ਤੋਂ ਇਹ ਦਾਤ ਲਈ। ਇਸ ਤਰ੍ਹਾਂ ਉਨ੍ਹਾਂ ਨੇ ਰਹਿਤ ਮਰਯਾਦਾ ਅਤੇ ਵੱਖਰੇ

ਅਨੁਸ਼ਾਸਨ ਵਾਲੀ ਇਕ ਨਵੀਂ "ਖਾਲਸਾ" ਕੌਮ ਤਿਆਰ ਕੀਤੀ ।

ਖਾਲਸੇ ਨੂੰ ਉਨ੍ਹਾਂ ਨੇ ਇਕ ਵੱਖਰੀ ਦਿੱਖ ਅਤੇ ਵਖਰੀ ਜੀਵਨ-ਜਾਚ ਦਿੱਤੀ। ਖਾਲਸੇ ਦੀ ਪ੍ਰਸਿਧ ਸਵੈਮਾਨ, ਕਿਰਤ ਅਤੇ ਸੇਵਾ ਦੀ ਫਿਲਾਸਫੀ ਸਾਰੇ ਸੰਸਾਰ ਤੋਂ ਵਿਲੱਖਣ ਹੈ। ਇਹ ਫਿਲਾਸਫੀ ਪਹਿਲੇ ਨੌਂ ਗੁਰੂਆਂ ਦੇ ਉਪਦੇਸ਼ਾਂ ਅਨੁਸਾਰ ਹੈ। ਸਿੱਖੀ ਕਿਸੇ ਧਰਮ ਦੀ ਸ਼ਾਖਾ ਜਾਂ ਨਕਲ ਨਹੀਂ ਹੈ, ਇਹ ਇਕ ਆਜ਼ਾਦ ਕੌਮ ਹੈ।

**ਵਿਸਾਖੀ ਅਤੇ ਸਿੱਖ ਇਤਿਹਾਸ**

ਸ਼ਹੀਦ ਜੀ ਭਾਈ ਮਨੀ ਸਿੰਘ ਨੇ 1721 ਦੀ ਵਿਸਾਖੀ ਵਾਲੇ ਦਿਨ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦੀ ਵਾਗਡੋਰ ਸੰਭਾਲੀ ਅਤੇ "ਬੰਦਈ ਖਾਲਸਾ" ਅਤੇ "ਤੱਤ ਖਾਲਸਾ" ਵਿਚਕਾਰ ਮਤਭੇਦਾਂ ਦਾ ਨਿਪਟਾਰਾ ਕੀਤਾ। ਵਿਸਾਖੀ ਤੇ ਕਾਹਨੂੰਵਾਨ ਵਿਖੇ ਹਜ਼ਾਰਾਂ ਸਿੱਖ ਬੱਚੇ ਅਤੇ ਔਰਤਾਂ ਸ਼ਹੀਦ ਹੋਏ ਸਨ ਜਿਸ ਨੂੰ "ਛੋਟਾ ਘੱਲੂਘਾਰਾ" ਕਿਹਾ ਜਾਂਦਾ ਹੈ। ਸਿੱਖਾਂ ਨੇ 1747 ਦੀ ਵਿਸਾਖੀ ਵਾਲੇ ਦਿਨ ਅਕਾਲ ਤਖਤ 'ਤੇ ਇਕੱਠੇ ਹੋ ਕੇ ਅੰਮ੍ਰਿਤਸਰ ਨੇੜੇ (ਰਾਮ ਰੌਣੀ ਵਿਖੇ) ਇੱਕ ਕਿਲਾ ਬਣਾਉਣ ਦਾ ਫੈਸਲਾ ਕੀਤਾ ਸੀ। ਬਾਅਦ ਵਿੱਚ ਇਹ ਕਿਲਾ "ਰਾਮਗੜ੍ਹ" ਦੇ ਨਾਮ ਨਾਲ ਮਸ਼ਹੂਰ ਹੋਇਆ।

ਵਿਸਾਖੀ ਤੇ ਹੀ "ਮਿਸਲਾਂ" ਬਣੀਆਂ ਸਨ ਜਿਨ੍ਹਾਂ ਤੋਂ "ਦਲ ਖ਼ਾਲਸਾ" ਬਣਿਆ। ਅਬਦਾਲੀ ਨੇ 1762 ਦੀ ਵਿਸਾਖੀ ਵਾਲੇ ਦਿਨ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਜਿਥੇ ਭਿਆਨਕ ਲੜਾਈ ਤੋਂ ਬਾਅਦ ਸਿੱਖ ਅਬਦਾਲੀ ਨੂੰ ਭਜਾਉਣ ਵਿਚ ਕਾਮਯਾਬ ਹੋਏ। ਅਬਦਾਲੀ ਨੇ ਹਾਰ ਦੇ ਗੁੱਸੇ ਵਿਚ ਦਰਬਾਰ ਸਾਹਿਬ ਨੂੰ ਢਾਹ ਦਿੱਤਾ। ਵਿਸਾਖੀ ਮੌਕੇ ਹੀ ਜੱਸਾ ਸਿੰਘ ਆਹਲੂਵਾਲੀਆ ਨੇ ਦਰਬਾਰ ਸਾਹਿਬ ਦੀ ਮੁੜ ਉਸਾਰੀ ਸ਼ੁਰੂ ਕੀਤੀ। 1783 ਵਿਸਾਖੀ ਤੇ ਜਰਨੈਲ ਬਘੇਲ ਸਿੰਘ ਨੇ ਦਿੱਲੀ 'ਤੇ ਕਬਜ਼ਾ ਕੀਤਾ ਸੀ। ਰਣਜੀਤ ਸਿੰਘ ਨੂੰ 1801 ਦੀ ਵਿਸਾਖੀ 'ਤੇ "ਮਹਾਰਾਜਾ" ਘੋਸ਼ਿਤ ਕੀਤਾ ਗਿਆ, ਜਿਸ ਨੇ ਇਕ ਵਿਸ਼ਾਲ ਸਿੱਖ ਸਾਮਰਾਜ ਕਾਇਮ ਕੀਤਾ।

1857 ਦੀ ਵਿਸਾਖੀ 'ਤੇ ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਵਿਖੇ ਅੰਗਰੇਜ਼ਾਂ ਤੋਂ ਆਜ਼ਾਦੀ ਦਾ ਐਲਾਨ ਕੀਤਾ ਅਤੇ ਸਿੱਖ ਪਰੰਪਰਾਵਾਂ ਨੂੰ ਬਹਾਲ ਕੀਤਾ। 1904 ਦੀ ਵਿਸਾਖੀ 'ਤੇ ਸਿੱਖ ਰਿਆਸਤਾਂ ਦੇ ਰਾਜਿਆਂ ਅਤੇ ਅਮ੍ਰਿਤਸਰ ਨਿਵਾਸੀਆਂ ਨੇ ਖਾਲਸਾ ਕਾਲਜ ਦੀ ਸਥਾਪਨਾ

ਲਈ ਪੈਸਾ ਇਕੱਠਾ ਕਰਨਾ ਸ਼ੁਰੂ ਕੀਤਾ। ਉਸ ਦਿਨ ਵੀ ਵਿਸਾਖੀ ਹੀ ਸੀ ਜਦੋਂ 1919 ਵਿਚ ਅੰਗਰੇਜ਼ ਗਵਰਨਰ ਰੇਜੀਨਾਲਡ ਡਾਇਰ ਨੇ ਆਪਣੀਆਂ ਫੌਜਾਂ ਨੂੰ ਜਲ੍ਹਿਆਂਵਾਲੇ ਬਾਗ ਵਿਖੇ ਗੋਲੀ ਚਲਾਉਣ ਦਾ ਹੁਕਮ ਦਿਤਾ ਸੀ, ਜਿਸ ਨਾਲ ਪੰਜਾਬ ਦੇ ਸੈਂਕੜੇ ਬੇਗੁਨਾਹ ਦੇਸ਼ਭਗਤ ਮਾਰੇ ਗਏ।

ਜਲਿਆਂਵਾਲੇ ਬਾਗ ਅਮ੍ਰਿਤਸਰ ਵਿਚ ਨਿਹੱਥੇ ਭਾਰਤੀ ਸੁਤੰਤਰਤਾ ਅੰਦੋਲਨ ਲਈ ਪ੍ਰਦਰਸ਼ਨ ਕਰ ਰਹੇ ਸਨ ਜਿਨ੍ਹਾਂ ਵਿਚ ਲਗਭਗ 70% ਸਿੱਖ ਸਨ। ਇਸ ਨੂੰ ਭਾਰਤ ਦੀ ਆਜ਼ਾਦੀ ਦੀ ਜੰਗ ਦੀ ਪਹਿਲੀ ਵੱਡੀ ਜਿੱਤ ਕਿਹਾ ਜਾਂਦਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਮਾਰਗ ਬਣਿਆ ਤਾਂ 13 ਅਪ੍ਰੈਲ 1973 ਨੂੰ ਇਸ ਮਾਰਗ ਤੇ ਲੱਖਾਂ ਸਿੱਖਾਂ ਨੇ ਅਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਤਕ ਯਾਤਰਾ ਕੀਤੀ। ਅਪ੍ਰੈਲ 1976 ਦੀ ਵਿਸਾਖੀ ਨੂੰ ਭਾਰਤ ਵਿੱਚ ਐਲਾਨੀ ਗਈ ਐਮਰਜੈਂਸੀ ਵਿਰੁੱਧ ਸਿੱਖਾਂ ਨੇ ਮਾਰਚ ਕੀਤਾ। ਅਮ੍ਰਿਤਸਰ ਵਿਚ 1978 ਦੀ ਵਿਸਾਖੀ ਵਾਲੇ ਦਿਨ ਵਿਰੋਧੀਆਂ ਨੇ 13 ਨਿਹੱਥੇ ਸਿੱਖਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ।

**ਵਿਸਾਖੀ ਦਾ ਦਿਨ ਹਾੜ੍ਹੀ ਦੀ ਫਸਲ (ਕਣਕ) ਦੇ ਪੱਕਣ ਦੀ ਨਿਸ਼ਾਨਦੇਹੀ ਕਰਦਾ ਹੈ। ਇਹ ਦਿਨ ਪੰਜਾਬ ਦੇ ਕਿਸਾਨਾਂ ਲਈ ਬਹੁਤ ਮਹੱਤਵਪੂਰਣ ਹੈ ਕਿਉਂਕਿ ਸਦੀਆਂ ਤੋਂ ਕਿਸਾਨੀ ਹੀ ਇਥੋਂ ਦੇ ਲੋਕਾਂ ਦੇ ਜੀਵਨ ਦਾ ਮੁਖ ਆਧਾਰ ਰਿਹਾ ਹੈ।**

*"Let us not forget that Cultivation of Earth is the most important labor of man. When tillage begins, other arts will follow. The Farmers, therefore, are the Founders of Civilization."*

Daniel Webster (1782 – 1852),
American Statesman and
Secretary of State

# ਅਪਰੈਲ ਦਾ ਮਹੀਨਾ


## ਰੂਬੀਨਾ ਸਿੰਘ, ਵਿਦਿਆਰਥਣ, ਯੂਨੀਵਰਸਿਟੀ ਆਫ ਕੈਲਗਰੀ (ਕੈਨੇਡਾ)


**ਵਿਸਾਖ਼** (ਜਾਂ ਵੈਸਾਖ) ਦਾ ਮਹੀਨਾ ਅਪਰੈਲ ਵਿਚ ਆਉਂਦਾ ਹੈ।ਵਿਸਾਖ ਦੀ ਪਹਿਲੀ ਤਾਰੀਖ ਨੂੰ "ਵਿਸਾਖੀ" ਮਨਾਈ ਜਾਂਦੀ ਹੈ। ਇਸ ਦਿਨ 1699 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਨਾ ਕੀਤੀ ਸੀ ਜੋ ਦੁਨੀਆਂ ਦੇ ਇਤਿਹਾਸ ਵਿਚ ਬੜੀ ਵੱਡੀ ਘਟਨਾ ਸਮਝੀ ਜਾਂਦੀ ਹੈ। ਇਹ ਦਿਨ "ਦਸਤਾਰ ਦਿਵਸ" ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ। ਸਿੱਖ ਇਤਿਹਾਸ ਵਿਚ ਇਸ ਮਹੀਨੇ ਹੋਰ ਵੀ ਕਈ ਕੁਝ ਵਾਪਰਿਆ। ਸ਼ਹੀਦ ਭਾਈ ਮਨੀ ਸਿੰਘ ਦਾ ਜਨਮ ਵਿਸਾਖ ਵਿਚ ਹੋਇਆ।

ਵਿਸਾਖ ਵਿਚ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਨਾਲ ਜੁੜੇ ਕਈ ਮਿਹੱਤਵਪੂਰਨ ਦਿਨ (ਗੁਰਪੁਰਬ) ਆਉਂਦੇ ਹਨ। ਜਿਵੇਂ ਗੁਰੂ ਅੰਗਦ ਸਾਹਿਬ ਦੇ (1552 ਵਿਚ) ਜੋਤੀ ਜੋਤ ਸਮਾਵਣ ਤੇ ਗੁਰੂ ਅਮਰ ਦਾਸ ਜੀ ਗੁਰਗੱਦੀ ਤੇ ਬੈਠੇ। ਗੁਰੂ ਅਰਜਨ ਸਾਹਿਬ ਦਾ ਜਨਮ ਵਿਸਾਖ 1563 ਵਿਚ ਹੋਇਆ। ਇਸੇ ਮਹੀਨੇ 1664 ਵਿਚ ਗੁਰੂ ਹਰ ਕ੍ਰਿਸ਼ਨ ਜੀ ਜੋਤੀ ਜੋਤ ਸਮਾਏ। ਗੁਰੂ ਤੇਗ ਬਹਾਦੁਰ ਸਾਹਿਬ ਦਾ ਜਨਮ ਵਿਸਾਖ 1621 ਵਿਚ ਹੋਇਆ ਅਤੇ ਇਸੇ ਮਹੀਨੇ 1664 ਵਿਚ ਉਹ ਨੌਵੇਂ ਗੁਰੂ ਬਣੇ। ਪੰਜਵੇਂ ਗੁਰੂ ਸਾਹਿਬ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫੁਰਮਾਣ ਹੈ;

**ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥**

**ਰਾਗੁ ਮਾਝ ਬਾਰਹ ਮਾਹਾ – ਅੰਗ 133॥**

ਵੈਸਾਖ਼ ਦਾ ਮਹੀਨਾ ਤਾਂ ਸੁਹਾਵਨਾ ਹੋਵੇਗਾ ਜੇ ਸੰਤਾਂ ਨੂੰ ਮਿਲ ਕੇ (ਤੇ ਮੱਤ ਲੈ ਕੇ) ਪ੍ਰਮਾਤਮਾ (ਦੀ ਸੋਝੀ ਮਿਲੇ ਅਤੇ ਉਸ) ਨਾਲ ਜੀਵ ਦਾ ਮਿਲਾਪ ਹੋ ਸਕੇ।

ਅਪਰੈਲ ਦੇ ਮਹੀਨੇ ਵਿਚ ਸੰਸਾਰ ਵਿਚ ਕੁਝ ਹੋਰ ਬੜੀਆਂ ਇਤਿਹਾਸਕ ਗੱਲਾਂ ਵੀ ਹੋਈਆਂ। ਜਿਵੇਂ

**6 ਅਪਰੈਲ** 1896 ਨੂੰ ਏਥੈਨਸ, ਗ੍ਰੀਸ (Athens, Greece) ਵਿਚ 1500 ਸਾਲਾਂ ਤੋਂ ਬਾਅਦ ਔਲੰਪਿਕ ਖੇਡਾਂ (Olympic Games) ਦੋਬਾਰਾ ਸ਼ੁਰੂ ਹੋਈਆਂ।

**14 ਅਪਰੈਲ** 1865 ਨੂੰ ਅਮਰੀਕਾ ਦੇ ਪ੍ਰੈਜ਼ੀਡੈਂਟ ਅਬ੍ਰਾਹਮ ਲਿੰਕਨ (Abraham Lincoln) ਨੂੰ ਗੋਲੀ ਮਾਰੀ ਕੇ ਮਾਰ ਦਿਤਾ ਗਿਆ ਸੀ।

**14 –15 ਅਪਰੈਲ** 1912 ਨੂੰ ਉਸ ਵੇਲੇ ਦਾ ਸਭ ਤੋਂ ਵੱਡਾ ਜਹਾਜ਼, ਟਾਈਟੈਨਿਕ (Titanic), ਐਟਲਾਂਟਿਕ ਸਮੁੰਦਰ (Atlantic Ocean) ਵਿਚ ਡੁੱਬ ਗਿਆ, ਜਿਸ ਬਾਰੇ ਕਿਹਾ ਜਾਂਦਾ ਸੀ ਕਿ ਇਹ ਡੁੱਬ ਨਹੀਂ ਸਕਦਾ।

**18 ਅਪਰੈਲ** 1982 ਨੂੰ ਇੰਗਲੈਂਡ ਨੇ ਇਕ ਨਵਾਂ ਸੰਵਿਧਾਨਕ ਐਕੱਟ (New Constitutional Act) ਬਣਾਇਆ ਸੀ ਜਿਸ ਨਾਲ ਕੈਨੇਡਾ ਨੂੰ ਸਾਰੇ ਮੁੱਢਲੇ ਨਾਗਰਿਕ ਅਧਿਕਾਰ ਮਿਲ ਗਏ।

**22 ਅਪਰੈਲ** ਨੂੰ ਹਰ ਸਾਲ ਧਰਤੀ, ਹਵਾ, ਤੇ ਪਾਣੀ ਸਾਫ ਰੱਖਣ ਲਈ Earth Day ਮਨਾਇਆ ਜਾਂਦਾ ਹੈ

**24 ਅਪਰੈਲ** 1800 ਨੂੰ ਵਾਸ਼ਿੰਗਟਨ (Washington DC, USA) ਵਿਚ ਦੁਨੀਆਂ ਦੀ ਸਭ ਤੋਂ ਵੱਡੀ ਲਾਇਬ੍ਰੇਰੀ (Library of Congress) ਬਣੀ ਜਿਸ ਵਿਚ 14.5 ਕਰੋੜ (145 million) ਕਿਤਾਬਾਂ ਤੇ ਦੁਰਲੱਭ ਲਿਖਤਾਂ ਰਖੀਆਂ ਗਈਆਂ,ਜਿਨ੍ਹਾਂ ਵਿਚ ਹਰ ਸਾਲ 10,000 ਤੋਂ ਜ਼ਿਆਦਾ ਕਿਤਾਬਾਂ ਦਾ ਵਾਧਾ ਕੀਤਾ ਜਾਂਦਾ ਹੈ।

**18 ਅਪਰੈਲ** ਨੂੰ ਹਰ ਸਾਲ ਮਹਾਤਮਾ ਬੁਧ (563-483 BC) ਦਾ ਜਨਮ ਦਿਨ ਮਨਾਇਆ ਜਾਂਦਾ ਹੈ।

**ਮਹਾਤਮਾ ਬੁੱਧ ਦਾ ਇਕ ਅਨਮੋਲ ਵਿਚਾਰ**

ਕਿਸੇ ਵਿਅਕਤੀ ਦੀ ਪਹਿਚਾਨ ਦੋ ਗੱਲਾਂ ਤੋਂ ਹੁੰਦੀ ਹੈ।ਇਕ ਗੱਲ ਇਹ ਕਿ ਜਦ ਉਸ ਵਿਅਕਤੀ ਕੋਲ ਕੁਝ ਵੀ ਨਾ ਹੋਵੇ ਤਾਂ ਉਸ ਕੋਲ ਧੀਰਜ ਤੇ ਹੌਂਸਲਾ ਕਿੰਨੇ ਕੁ ਹਨ। ਦੂਜੀ ਇਹ ਕਿ ਜਦ ਉਸ ਕੋਲ ਸਭ ਕੁਝ ਹੋਵੇ ਤਾਂ ਲੋਕਾਂ ਨਾਲ ਉਸ ਦਾ ਸਲੂਕ ਕਿਹੋ ਜਿਹਾ (ਕਿਨ੍ਹੀਂ ਕੁ ਨਿਮਰਤਾ ਵਾਲਾ) ਹੈ।

# ਖਾਲਸਾ ਮੇਰੋ ਰੂਪ ਹੈ ਖਾਸ॥

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

**'ਖਾਲਸਾ'** ਤੋਂ ਭਾਵ ਹੈ- 'ਖ਼ਾਲਸ' ਜਾਂ 'ਸ਼ੁਧ'। 1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ, ਇੱਕ ਨਿਆਰੀ ਕੌਮ ਤਿਆਰ ਕੀਤੀ ਸੀ, ਜਿਸ ਦੀ ਸ਼ਖ਼ਸੀਅਤ ਵਿੱਚ ਕੋਈ ਖੋਟ ਨਾ ਹੋਵੇ। ਜੋ ਲੋੜ ਪੈਣ ਤੇ ਮਜ਼ਲੂਮਾਂ ਦੀ ਰੱਖਿਆ ਕਰ ਸਕੇ। ਇਹ ਕੋਈ ਇੱਕ ਦਿਨ ਦੀ ਤਿਆਰੀ ਨਹੀਂ ਸੀ- ਇਸ ਲਈ ਤਕਰੀਬਨ 250 ਸਾਲ ਲੱਗੇ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਲਈ ਦਸ ਜਾਮੇ ਧਾਰਨ ਕੀਤੇ। ਸਦੀਆਂ ਤੋਂ ਚਲੀ ਆ ਰਹੀ ਵਰਣ-ਵੰਡ ਕਾਰਨ, ਲੋਕ ਵਹਿਮਾਂ-ਭਰਮਾਂ ਵਿੱਚ ਗ੍ਰੱਸੇ ਹੋਏ ਸਨ। ਪੁਜਾਰੀਆਂ ਨੇ ਉਹਨਾਂ ਨੂੰ ਦੇਵੀ-ਦੇਵਤਿਆਂ, ਸੱਪਾਂ, ਦਰੱਖਤਾਂ, ਸੂਰਜ-ਚੰਦ੍ਰਮਾ ਤੇ ਗ੍ਰਹਿਆਂ ਦੀ ਪੂਜਾ, ਵਰਤ ਨੇਮ, ਸ਼ਗਨ-ਅਪਸ਼ਗਨ ਦੇ ਚੱਕਰਵਿਊ ਵਿੱਚ ਫਸਾ ਰੱਖਿਆ ਸੀ। ਸਭ ਤੋਂ ਪਹਿਲਾਂ ਲੋਕਾਈ ਨੂੰ ਅਜੇਹੇ ਅੰਧ-ਵਿਸ਼ਵਾਸਾਂ ਵਿੱਚੋਂ ਕੱਢਣਾ ਜਰੂਰੀ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਰਾਹੀਂ, ਲੋਕਾਂ ਨੂੰ ਇਸ ਸ੍ਰਿਸ਼ਟੀ ਦੇ ਰਚਨਹਾਰੇ 'ਇਕ ਓਅੰਕਾਰ' ਨਾਲ ਜੋੜਿਆ। ਉਹਨਾਂ ਲੋਕਾਂ ਨੂੰ ਤਰਕ ਨਾਲ ਸਮਝਾਇਆ। ਸਿੱਧ-ਜੋਗੀਆਂ ਨੂੰ ਕਿਹਾ ਕਿ ਰੱਬ ਨੂੰ ਪਾਉਣ ਲਈ ਘਰ ਬਾਰ ਛੱਡ ਕੇ ਪਹਾੜਾਂ ਜਾਂ ਜੰਗਲਾਂ ਵਿੱਚ ਜਾਣ ਦੀ ਲੋੜ ਨਹੀਂ। ਮਨ ਦੀਆਂ ਇਛਾਵਾਂ ਨੂੰ ਕਾਬੂ ਕਰੋ। ਸੰਗਤ-ਪੰਗਤ ਦੀ ਰੀਤ ਚਲਾਈ, ਜਾਤ ਪਾਤ ਦਾ ਖੰਡਨ ਕੀਤਾ, 'ਕਿਰਤ ਕਰੋ- ਨਾਮ ਜਪੋ- ਵੰਡ ਛਕੋ' ਦਾ ਸਰਲ ਸਿਧਾਂਤ ਦਿੱਤਾ। ਕਾਬਲ, ਕੰਧਾਰ, ਤੋਂ ਲੈ ਕੇ ਅਸਾਮ, ਨੈਪਾਲ, ਚੀਨ, ਤਿੱਬਤ ਤੇ ਸ੍ਰੀ ਲੰਕਾ ਤੱਕ ਲੋਕਾਂ ਨੇ ਸਿੱਖੀ ਧਾਰਨ ਕਰ ਲਈ ਅਤੇ ਸਿੱਖੀ ਦਾ ਬੀਜ, ਪੌਦਾ ਬਨਣ ਲੱਗਾ। ਗੁਰੂ ਸਾਹਿਬ ਨੇ ਆਪਣੇ ਦੂਜੇ, ਤੀਜੇ ਤੇ ਚੌਥੇ ਜਾਮੇ ਵਿੱਚ, ਇਸ ਨੂੰ ਛਾਂਦਾਰ ਰੁੱਖ ਬਣਾਇਆ। ਹਾਕਮਾਂ ਨੇ ਜ਼ੁਲਮ ਦੀ ਹਨ੍ਹੇਰੀ ਨਾਲ ਇਸ ਨੂੰ ਜੜ੍ਹੋਂ ਪੁੱਟਣ ਦੀ ਕੋਸ਼ਿਸ਼ ਵੀ ਕੀਤੀ। ਪਰ ਪੰਚਮ ਪਾਤਸ਼ਾਹ ਨੇ ਤਸ਼ੱਦਦ ਸਹਿ ਕੇ, ਜਬਰ ਦਾ ਮੁਕਾਬਲਾ ਸਬਰ ਨਾਲ ਕੀਤਾ।

ਛੇਵੇਂ ਪਾਤਸ਼ਾਹ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ, ਇਸ ਪੌਦੇ ਦੀ ਰੱਖਿਆ ਕੀਤੀ। ਸੱਤਵੇਂ ਤੇ ਅੱਠਵੇਂ ਜਾਮੇ ਨੇ ਵੀ ਇਸ ਨੂੰ ਹਰਾ-ਭਰਾ ਰੱਖਿਆ। ਨੌਵੇਂ ਪਾਤਸ਼ਾਹ ਤੇ ਹੋਰ ਸਿਦਕੀ ਸਿੱਖਾਂ ਨੇ ਇਸ ਨੂੰ ਆਪਣੇ ਖ਼ੂਨ ਨਾਲ ਸਿੰਜਿਆ। ਜਦੋਂ ਇਹ ਬੂਟਾ ਆਪਣੇ ਜੋਬਨ ਤੇ ਆਇਆ ਤਾਂ ਦਸਮੇਂ ਜਾਮੇ ਵਿੱਚ ਗੁਰੂ ਜੀ ਨੇ ਇਸ ਨੂੰ 'ਅੰਮ੍ਰਿਤ ਦੀ ਦਾਤ' ਦੇ ਕੇ- ਇੱਕ ਵੱਖਰੀ ਪਹਿਚਾਣ ਦੇ ਦਿੱਤੀ, ਜੋ ਇਸ ਦੁਨੀਆਂ ਦੇ ਬਾਗ ਵਿੱਚ, ਆਪਣੇ ਸੁੰਦਰ ਸਰੂਪ ਤੇ ਗੁਣਾਂ ਕਾਰਨ ਦੂਰੋਂ ਹੀ ਪਛਾਣਿਆਂ ਜਾ ਸਕੇ।

ਗੁਰੂ ਗੋਬਿੰਦ ਸਿੰਘ ਜੀ ਇੱਕ ਵਿਦਵਾਨ, ਸੁਹਿਰਦ, ਦੂਰ-ਅੰਦੇਸ਼, ਦਰਵੇਸ਼, ਯੋਧੇ, ਸੈਨਾਪਤੀ, ਮਹਾਨ ਕਵੀ ਤੇ ਲੇਖਕ ਹੀ ਨਹੀਂ ਸਨ, ਸਗੋਂ ਉਹਨਾਂ ਦੀ ਸੋਚ ਵੀ ਬਹੁਤ ਸੈਕੂਲਰ ਸੀ। ਖਾਲਸਾ ਪੰਥ ਦੀ ਸਾਜਨਾ ਵੇਲੇ-ਪੰਜ ਪਿਆਰਿਆਂ ਦੀ ਚੋਣ ਵੀ, ਦੇਸ਼ ਦੇ ਵੱਖੋ ਵੱਖ ਕੋਨਿਆਂ ਤੋਂ ਆਏ, ਵੱਖੋ ਵੱਖ ਜਾਤਾਂ ਦੇ ਪ੍ਰਾਣੀਆਂ ਦੀ ਕਰਨੀ ਤੇ ਫਿਰ ਉਹਨਾਂ ਪੰਜਾਂ ਨੂੰ ਇੱਕੋ ਬਾਟੇ 'ਚੋਂ ਅੰਮ੍ਰਿਤ ਦੀ ਦਾਤ ਦੇਣ ਉਪਰੰਤ- ਆਪ ਵੀ ਉਹਨਾਂ ਦੇ ਹੱਥੋਂ ਅੰਮ੍ਰਿਤ ਛਕਣਾ, ਇਸੇ ਸੋਚ ਦਾ ਹੀ ਨਤੀਜਾ ਸੀ। 'ਆਪੇ ਗੁਰ ਚੇਲਾ' ਦੀ ਮਿਸਾਲ ਦੁਨੀਆਂ ਵਿੱਚ ਹੋਰ ਕਿਧਰੇ ਨਹੀਂ ਮਿਲਦੀ। ਉਹਨਾਂ- ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥ ਤੇ ਅਮਲ ਕਰਦਿਆਂ ਕਿਹਾ;

**ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੇ ਗਰੀਬ ਕ੍ਰੋਰ ਪਰੇ॥**

ਦਸ਼ਮੇਸ਼ ਪਿਤਾ ਨੇ ਭਗਤੀ ਤੇ ਸ਼ਕਤੀ ਦਾ ਸੁਮੇਲ ਕਰਕੇ ਇਹ ਖਾਲਸਾ ਪੰਥ ਸਾਜਿਆ, ਜੋ ਗੁਰੂ ਸਾਹਿਬ ਵਾਂਗ ਹੀ ਸੰਤ-ਸਿਪਾਹੀ ਹੋਵੇ ਤੇ ਇਨ੍ਹਾਂ ਗੁਣਾਂ ਦਾ ਧਾਰਨੀ ਹੋਵੇ-

**ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥ ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮੱਟ ਭੂਲ ਨ ਮਾਨੈ॥ ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥**

ਗੁਰੂ ਸਾਹਿਬ ਨੇ ਸਦੀਆਂ ਤੋਂ ਲਿਤਾੜੇ ਲੋਕਾਂ ਨੂੰ, ਅੰਮ੍ਰਿਤ ਦੀ ਦਾਤ ਦੇ ਕੇ ਗਿੱਦੜਾਂ ਤੋਂ ਸ਼ੇਰ ਬਣਾ, ਉਹਨਾਂ ਨੂੰ ਅਣਖ ਨਾਲ ਜੀਉਣਾ ਸਿਖਾਇਆ। ਇੱਕ ਦੂਜੇ ਨੂੰ ਮਿਲਣ ਤੇ

ਇਹ ਕਹਿਣ ਦੀ ਹਦਾਇਤ ਕੀਤੀ : "**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ**"॥ ਉਹਨਾਂ ਇਹ ਐਲਾਨ ਕੀਤਾ ਕਿ ਖਾਲਸਾ ਗੁਰੂ ਹੈ ਤੇ ਗੁਰੂ ਖਾਲਸੇ ਵਿੱਚ ਵੱਸਦਾ ਹੈ:

**ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹਉ ਕਰਉ ਨਿਵਾਸ॥ ਯਾ ਮੈਂ ਰੰਚ ਨ ਮਿਥਿਆ ਭਾਖੀ॥ ਪਾਰਬ੍ਰਹਮ ਗੁਰੁ ਨਾਨਕ ਸਾਖੀ॥**

ਖਾਸਲਾ ਪੰਥ ਦੀ ਸਾਜਨਾ ਨਾਲ ਸਿੰਘ ਸ਼ਸਤਰਧਾਰੀ ਹੋ ਕੇ, ਜ਼ੁਲਮ ਜਬਰ ਵਿਰੁੱਧ ਜੂਝਣ ਲਈ ਤਿਆਰ-ਬਰ ਤਿਆਰ ਹੋ ਗਏ। ਪੰਜ ਕਕਾਰਾਂ ਵਾਲੇ ਬਣੇ, ਅਤੇ ਚਾਰ ਬਜਰ ਕੁਰਹਿਤਾਂ (ਪਰ ਇਸਤ੍ਰੀ ਦਾ ਸੰਗ, ਕੁੱਠਾ ਮਾਸ, ਤਮਾਕੂ ਅਤੇ ਕੇਸਾਂ ਦੀ ਬੇਅਦਬੀ) ਤੋਂ ਵੀ ਦੂਰ ਹੋਏ। ਸਿੱਖ ਤੋਂ ਸਿੰਘ (ਸ਼ੇਰ) ਬਣ ਗਏ ਅਤੇ ਸਿੰਘਣੀਆਂ ਤੋਂ ਕੌਰ (ਸ਼ਹਿਜ਼ਾਦੀਆਂ) । ਇਸ ਅੰਮ੍ਰਿਤ ਦੀ ਸ਼ਕਤੀ ਨਾਲ ਇੱਕ ਇੱਕ ਸਿੰਘ ਲੱਖਾਂ ਨਾਲ ਜੂਝ ਸਕਿਆ-

**ਚਿੜੀਓ ਸੇ ਮੈਂ ਬਾਜ ਤੁੜਾਊਂ॥ਸਵਾ ਲਾਖ ਸੇ ਏਕ ਲੜਾਊ॥ ਤਬੈ ਗੋਬਿੰਦ ਸਿੰਘ ਨਾਮ ਕਹਾਊ॥**

ਚਮਕੌਰ ਦੀ ਜੰਗ ਵਿੱਚ ਕੇਵਲ ਚਾਲੀ ਸਿੰਘਾਂ ਨੇ, ਦਸ ਲੱਖ ਦੁਸ਼ਮਣ ਦੀ ਫੌਜ ਦਾ ਮੁਕਾਬਲਾ ਕੀਤਾ। ਜਿਹੜੀਆਂ ਦਰਜਣਾਂ ਜੰਗਾਂ ਗੁਰੂ ਸਾਹਿਬ ਤੇ ਥੋਪੀਆਂ ਗਈਆਂ, ਸਭ ਵਿੱਚ ਜਿੱਤ ਖਾਲਸੇ ਦੀ ਹੀ ਹੁੰਦੀ। ਮੁੱਠੀ ਭਰ ਸਿੰਘ, ਮੁਗਲ ਸੈਨਾ ਤੇ ਪਹਾੜੀ ਰਾਜਿਆਂ ਦੀ ਅਥਾਹ ਸ਼ਕਤੀ ਅੱਗੇ ਡੱਟ ਜਾਂਦੇ। ਗੁਰੂ ਸਾਹਿਬ ਦੀ ਆਯੂ 42 ਸਾਲ ਦੀ ਸੀ, ਜੇ ਕਿਧਰੇ ਉਹਨਾਂ ਨੂੰ ਸ਼ਾਂਤ ਮਹੌਲ ਮਿਲਦਾ, ਤਾਂ ਸਾਡੀ ਕੌਮ ਦੇ ਹਾਲਾਤ ਕੁੱਝ ਹੋਰ ਹੁੰਦੇ। ਉਹਨਾਂ ਖਾਲਸੇ ਨੂੰ ਆਪਣੇ ਪੁੱਤਰਾਂ ਤੋਂ ਵੀ ਵੱਧ ਪਿਆਰ ਦਿੱਤਾ। ਚਮਕੌਰ ਦੀ ਜੰਗ ਵੇਲੇ, ਜਦੋਂ ਸਿੰਘਾਂ ਨੇ ਉਹਨਾਂ ਨੂੰ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਗੜ੍ਹੀ 'ਚੋਂ ਨਿਕਲ ਜਾਣ ਦੀ ਸਲਾਹ ਦਿੱਤੀ ਤਾਂ ਉਹਨਾਂ ਇਨਕਾਰ ਕਰਦੇ ਹੋਏ ਕਿਹਾ ਕਿ- 'ਤੁਸੀਂ ਸਾਰੇ ਮੇਰੇ ਸਾਹਿਬਜ਼ਾਦੇ ਹੋ'। ਖਾਲਸੇ ਤੇ ਪੁੱਤਰਾਂ ਵਿੱਚ ਕਦੇ ਕੋਈ ਫਰਕ ਨਹੀਂ ਸਮਝਿਆ। ਦਸ਼ਮੇਸ਼ ਪਿਤਾ ਜੀ ਨੇ ਖਾਲਸੇ ਨੂੰ 'ਖ਼ਾਲਸ' ਰਹਿਣ ਲਈ, ਸਾਵਧਾਨ ਕਰਦੇ ਫੁਰਮਾਨ ਜਾਰੀ ਕੀਤਾ-

**ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥ ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥**

ਜ਼ਕਰੀਆ ਖਾਨ ਤੇ ਵਿਦੇਸ਼ੀ ਧਾੜਵੀਆਂ ਵੇਲੇ ਵੀ ਖਾਲਸਾ, ਜੰਗਲਾਂ 'ਚ ਇੱਕ ਮੁੱਠ ਛੋਲਿਆਂ ਦੀ ਖਾ, ਘੋੜਿਆਂ ਦੀਆਂ ਕਾਠੀਆਂ ਤੇ ਰਹਿੰਦਾ ਹੋਇਆ ਵੀ, ਹਿੰਦੁਸਤਾਨੀਆਂ ਦੀਆਂ ਬਹੂ ਬੇਟੀਆਂ ਛੁਡਾ ਲਿਆਉਂਦਾ ਤੇ ਵਾਰਸਾਂ ਦੇ ਹਵਾਲੇ ਕਰਦਾ। ਸਿੰਘਣੀਆਂ ਵੀ ਪਿੱਛੇ ਨਹੀਂ ਰਹੀਆਂ। ਮੀਰ ਮੰਨੂ ਦੇ ਸਮੇਂ ਸਿੰਘਣੀਆਂ ਦੇ ਸਿਦਕ ਦੀ ਮਿਸਾਲ ਸਿੱਖ ਇਤਿਹਾਸ ਤੋਂ ਬਿਨਾ ਹੋਰ ਕਿਤੇ ਨਹੀਂ ਮਿਲਦੀ।

ਹੁਣ ਸੋਚੋ ਜਿਸ ਸਿੱਖੀ ਦੇ ਮਹਿਲ ਨੂੰ ਉਸਾਰਨ ਲਈ ਦਸ਼ਮੇਸ਼ ਪਿਤਾ ਨੇ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ- ਕੀ ਅਸੀਂ ਉਸ ਦੀ ਸਾਂਭ ਸੰਭਾਲ ਕਰ ਰਹੇ ਹਾਂ? ਕੀ ਇਹ ਨਿਆਰਾਪਨ ਕਿਤੇ ਗੁਆਚ ਤਾਂ ਨਹੀਂ ਰਿਹ? ਕਿਤੇ ਅਸੀਂ 'ਬਿਪਰਨ ਕੀ ਰੀਤ' ਤੇ ਤੁਰ ਕੇ 'ਬਜਰ ਕੁਰਹਿਤਾਂ' ਦੇ ਪ੍ਰਣ ਤਾਂ ਨਹੀਂ ਭੁੱਲ ਗਏ? ਅੱਜ ਲੋੜ ਹੈ- ਆਪਣੇ ਅੰਦਰ ਝਾਤ ਮਾਰਨ ਦੀ। ਅਸੀਂ ਬਾਣੇ ਪਹਿਨ ਕੇ, ਸਿੱਖੀ ਨੂੰ ਲਾਜ ਲਾਉਣ ਵਾਲੇ ਕੁਕਰਮ ਨਾ ਕਰੀਏ ਤੇ ਦੂਜਿਆਂ ਲਈ ਮਜ਼ਾਕ ਦੇ ਪਾਤਰ ਨਾ ਬਣੀਏ।

ਅਜੇ ਵੀ ਵੇਲਾ ਹੈ ਸੰਭਲ ਜਾਈਏ। ਦਸ਼ਮੇਸ਼ ਪਿਤਾ ਨਾਲ ਕੀਤੇ ਕੌਲ ਕਰਾਰ ਵੀ ਯਾਦ ਕਰੀਏ। ਆਪਣਾ ਨਿਆਰਾਪਨ ਬਰਕਰਾਰ ਰੱਖੀਏ। ਅੱਜ ਵੀ 'ਖਾਲਸਾ ਏਡ' ਵਰਗੀਆਂ ਸੰਸਥਾਵਾਂ, ਸਿੱਖੀ ਪਰੰਪਰਾਵਾਂ ਤੇ ਪਹਿਰਾ ਦੇ ਰਹੀਆਂ ਹਨ। ਵਰ੍ਹਦੀਆਂ ਗੋਲੀਆਂ ਵਿੱਚ ਜਾ ਕੇ ਭੁੱਖਿਆਂ ਨੂੰ ਖਾਣਾ, ਲੋੜਵੰਦਾਂ ਨੂੰ ਦਵਾਈਆਂ ਤੇ ਕੱਪੜੇ ਵੰਡ ਕੇ, ਸਿੱਖ ਕੌਮ ਦਾ ਨਾਂ ਦੁਨੀਆਂ ਵਿੱਚ ਰੌਸ਼ਨ ਕਰ ਰਹੇ ਹਨ। ਅਜੇ ਉਹਨਾਂ ਉਚੇ ਸੁਚੇ ਲੋਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਆਪਣੇ ਕਿਰਦਾਰ ਤੇ ਨਿਸ਼ਕਾਮ ਸੇਵਾ ਕਾਰਨ, ਦੇਸ਼-ਵਿਦੇਸ਼ 'ਚ ਇੱਕ ਵੱਖਰੀ ਪਛਾਣ ਬਣਾਈ ਹੈ। ਉਨ੍ਹਾਂ ਨੂੰ ਆਪਣੇ ਰੋਲ-ਮਾਡਲ ਬਣਾ, 'ਖਾਲਸ' ਬਣ, ਦਸ਼ਮੇਸ਼ ਪਿਤਾ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।ਗੁਰੂ ਨਾਨਕ ਦੀ ਸਿੱਖੀ ਦੀ ਫੁੱਲਵਾੜੀ ਦੀ ਮਹਿਕ ਚਾਰੇ ਪਾਸੇ ਖਿੰਡਾਉਣ ਵਿੱਚ, ਆਪਣਾ ਯੋਗਦਾਨ ਪਾਈਏ!

# ਗੁਰੂ ਗੋਬਿੰਦ ਸਿੰਘ ਜੀ

ਹਰਪ੍ਰੀਤ ਸਿੰਘ ਗਿੱਲ, ਮੇਰੀਲੈਂਡ (ਅਮਰੀਕਾ)

ਉਸ ਮਾਨਵਤਾ ਦੇ ਰਹਿਬਰ ਤੇ,
ਇਕ ਕਵਿਤਾ ਲਿਖਣਾ ਚਾਹੁੰਦਾ ਹਾਂ।
ਕੋਈ ਸ਼ਬਦ ਨਾ ਮੇਚੇ ਆਉਂਦਾ ਏ,
ਜੋ ਗੱਲ ਮੈਂ ਕਹਿਣਾ ਚਾਹੁੰਦਾ ਹਾਂ।

ਨਾਨਕ ਦੇ ਸਿੱਖ ਫਲਸਫੇ ਨੂੰ,
ਜਿਸ ਪੂਰਣ ਸਿੱਧ ਸਰੂਪ ਦਿੱਤਾ।
ਗੁਰੂਆਂ ਭਗਤਾਂ ਦੀ ਬਾਣੀ ਜੋ,
ਗੁਰੂ ਗ੍ਰੰਥ ਨੂੰ ਗੁਰੂ ਦਾ ਰੂਪ ਦਿੱਤਾ।
ਮੈਂ ਪੜ੍ਹਦਾ ਸੁਣਦਾ ਆਇਆ ਹਾਂ,
ਪਰ ਰੂਹ ਨੂੰ ਪੜ੍ਹਨਾ ਚਾਹੁੰਦਾ ਹਾਂ।
ਉਸ ਮਾਨਵਤਾ ਦੇ ਰਹਿਬਰ ਤੇ ...

ਉਹ ਕਵੀਆਂ ਦਾ ਸਿਰਮੌਰ ਕਵੀ,
ਬਹੁ ਭਾਸ਼ਾਵਾਂ ਦਾ ਗਿਆਤਾ ਸੀ।
ਦਰਬਾਰ ਸੀ ਕਵੀ ਲਿਖਾਰੀਆਂ ਦਾ,
ਉਹ ਵੇਦਾਂ ਦਾ ਵੀ ਗਿਆਤਾ ਸੀ।
ਜਿਸ ਜਾਪ ਅਤੇ ਚੰਡੀ ਵਾਰ ਲਿਖੀ
ਉਹ ਵਾਰ ਸੁਣਾਉਣਾ ਚਾਹੁੰਦਾ ਹਾਂ।
ਉਸ ਮਾਨਵਤਾ ਦੇ ਰਹਿਬਰ ਤੇ....

**"ਭੈ ਕਾਹੂ ਕਉ ਦੇਤ ਨਹਿ**
**ਨਹਿ ਭੈ ਮਾਨਤ ਆਨ"॥**
ਇਸ ਕਥਨੀ ਤੇ ਪਰਵਾਨ ਚੜ੍ਹੇ,



ਸਰਬੰਸ ਹੋਇਆ ਕੁਰਬਾਨ।
ਜੋ ਬੱਦਲ਼ ਵਾਂਗੂ ਗਰਜਿਆ ਸੀ,
ਉਹ ਗਰਜ ਸੁਨਾਉਣਾ ਚਾਹੁੰਦਾ ਹਾਂ।
ਉਸ ਮਾਨਵਤਾ ਦੇ ਰਹਿਬਰ ਤੇ ....

**"ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ**
**ਨਹੀ ਮੋਸੋ ਗ਼ਰੀਬ ਕਰੋਰ ਪਰੇ"॥**
ਹਰ ਜਾਤ 'ਚੋਂ ਖ਼ਾਲਸਾ ਸਜਿਆ ਸੀ,
ਆਖ਼ੀਰੀ ਦਮ ਤੱਕ ਨਾਲ ਲੜੇ।
ਜਾਤਾਂ ਪਾਤਾਂ ਦੇ ਵਕਫ਼ੇ ਦੀ
ਤਕਰਾਰ ਮਿਟਾਉਣਾ ਚਾਹੁੰਦਾ ਹਾਂ।
ਉਸ ਮਾਨਵਤਾ ਦੇ ਰਹਿਬਰ ਤੇ....

ਉਹ ਸੂਰਬੀਰ ਇਕ ਯੋਧਾ ਸੀ
ਚਿੜੀਆਂ ਤੋਂ ਬਾਜ ਤੁੜਾ ਦੇਵੇ।
ਸ਼ਸਤਰ ਵਿੱਦਿਆ ਦਾ ਬਾਨੀ ਜੋ,
ਸਵਾ ਲੱਖ ਨਾਲ ਇਕ ਲੜਾ ਦੇਵੇ।
ਗਿੱਦੜਾਂ ਤੋਂ ਸ਼ੇਰ ਬਣਾਏ; ਉਹ,
ਲਲਕਾਰ ਸੁਨਾਉਣਾ ਚਾਹੁੰਦਾਂ ਹਾਂ।

ਉਸ ਮਾਨਵਤਾ ਦੇ ਰਹਿਬਰ ਤੇ....

ਜ਼ੁਲਮੀਂ ਤੋਂ ਕਦੇ ਨ ਡਰਿਆ ਜੋ,
ਇਨਸਾਫ਼ ਦੀ ਖ਼ਾਤਰ ਖੜਦਾ ਰਿਹਾ।
ਧਰਮਾਂ ਦੀ ਖੁੱਲ੍ਹ ਅਜ਼ਾਦੀ ਲਈ,
ਹਾਕਮ ਨਾਲ ਅੜਕੇ ਲੜਦਾ ਰਿਹਾ।
ਜੋ ਅਮਨ ਦੀ ਖ਼ਾਤਰ ਉਠਦੀ ਰਹੀ
ਤਲਵਾਰ ਵਿਖਾਉਣਾ ਚਾਹੁੰਦਾ ਹਾਂ।
ਉਸ ਮਾਨਵਤਾ ਦੇ ਰਹਿਬਰ ਤੇ....

ਸੋਲਾਂ ਸੌ ਨੜਿਨਵੇਂ ਵਿਸਾਖੀ ਨੂੰ,
ਜਦ ਖਾਲਸਾ ਪੰਥ ਸਜਾਇਆ ਸੀ।
ਸਿੰਘਾਂ ਨੇ ਅੰਮ੍ਰਿਤ ਬਾਟੇ 'ਚੋਂ,
ਛਕਿਆ ਤੇ ਗੁਰੂ ਛਕਾਇਆ ਸੀ।
ਵਿਸਾਖੀ ਦੇ ਦਿਨ ਜੋ ਸਜਿਆ ਸੀ,
ਦਰਬਾਰ ਵਿਖਾਉਣਾ ਚਾਹੁੰਦਾ ਹਾਂ।
ਉਸ ਮਾਨਵਤਾ ਦੇ ਰਹਿਬਰ ਤੇ....

#############



**ਸ਼ਹਾਦਤ ਦਾ ਬੂਟਾ**

ਗੁਰਦੀਸ਼ ਕੌਰ ਗਰੇਵਾਲ-
ਕੈਲਗਰੀ- ਕੈਨੇਡਾ
ਸੰਪਰਕ: 403 404 1450,
+91 98728 60488

ਤੱਤੀ ਤਵੀ ਤੇ ਬੈਠ ਕੇ ਗੁਰੂ ਅਰਜਨ,
ਬੂਟਾ ਇਕ ਸ਼ਹਾਦਤ ਦਾ ਲਾ ਦਿੱਤਾ ।
ਸਬਰ ਸ਼ਾਂਤੀ ਅਤੇ ਸੰਤੋਖ ਵਾਲਾ,
ਪਾਠ ਸੰਗਤਾਂ ਤਾਂਈ ਪੜ੍ਹਾ ਦਿੱਤਾ।

ਨੌਂਵੇਂ ਗੁਰਾਂ ਨੇ ਆਪਣਾ ਸੀਸ ਦੇ ਕੇ,
ਰੱਤ ਏਹਦੀਆਂ ਜੜ੍ਹਾਂ 'ਚ ਪਾ ਦਿੱਤਾ।
ਲੱਖਾਂ ਸਿੱਖਾਂ ਨੇ ਸਿੰਜਿਆ ਫੇਰ ਮੁੜ ਕੇ,
ਇਹਨੂੰ ਹੋਰ ਹਰਿਆਲਾ ਬਣਾ ਦਿੱਤਾ।

ਸਾਹਿਬਜ਼ਾਦਾ ਅਜੀਤ ਜੁਝਾਰ ਸਿੰਘ ਨੇ,
'ਦੀਸ਼' ਫੁੱਲ ਕੁਰਬਾਨੀ ਦਾ ਲਾ ਦਿੱਤਾ।
ਜਿੰਦਾਂ ਨਿੱਕੀਆਂ ਵਿੱਚ ਦੀਵਾਰ ਚਿਣੀਆਂ,
ਜਿਹਨਾਂ ਬੂਟੇ ਨੂੰ ਰੁੱਖ ਬਣਾ ਦਿੱਤਾ।

## ਕੁਝ ਵਿਸ਼ੇਸ਼ ਸ਼ਬਦਾਂ ਦੇ ਅਰਥ – (2).

ਡਾ. ਦੇਵਿੰਦਰ ਸਿੰਘ ਸੇਖੋਂ, ਵਿੰਡਸਰ (ਕੈਨੇਡਾ)

**ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥ ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ॥(1380)॥**

**ਸ਼ਬਦ ਅਰਥ**: ਕੰਧਿ = ਮੋਢੇ ਉੱਤੇ॥ ਵਣਿ = ਜੰਗਲ ਵਿੱਚ॥ ਕੈਸਰੁ = ਬਾਦਸ਼ਾਹ॥ ਕੈਸਰੁ ਅੰਗ੍ਰੇਜ਼ੀ ਦੇ ਸ਼ਬਦ Kaiser ਦਾ ਅਰਬੀ ਜਾਂ ਫਾਰਸੀ ਰੂਪ ਹੈ॥ ਜਰਮਨੀ ਅਤੇ ਰੋਮਨ ਹਕੂਮਤ ਦੇ ਬਾਦਸ਼ਾਹਾਂ ਨੂੰ ਕੈਸਰ ਆਖਿਆ ਜਾਂਦਾ ਸੀ॥ ਹਉ = ਮੈਂ॥ ਸ਼ਹੁ = ਪਤੀ (ਰੱਬ)॥ ਅੰਗਿਆਰ = ਮਘਦੇ ਕੋਲੇ (ਕਾਲਖ਼)॥

**ਪ੍ਰਚੱਲਤ ਅਰਥ**: ਮੋਢੇ ਉੱਤੇ ਕੁਹਾੜਾ ਅਤੇ ਸਿਰ 'ਤੇ ਪਾਣੀ ਦਾ ਘੜਾ ਰੱਖੀ, ਲੋਹਾਰ ਜੰਗਲ ਵਿੱਚ ਬਾਦਸ਼ਾਹ ਹੁੰਦਾ ਹੈ ਕਿਉਂਕਿ ਉਹ ਕਿਸੇ ਵੀ ਰੁੱਖ ਤੇ ਕੁਹਾੜਾ ਚਲਾ ਸਕਦਾ ਹੈ (ਜਿਸ ਦੀ ਲੱਕੜੀ ਨੂੰ ਸਾੜ ਕੇ ਉਹ ਕੋਲੇ ਤਿਆਰ ਕਰਦਾ ਹੈ ਜਿਹਨਾਂ ਨੂੰ ਉਹ ਭੱਠੀ ਵਿੱਚ ਵਰਤਦਾ ਹੈ॥ ਉਸਨੂੰ ਵੇਖ ਕੇ ਫਰੀਦ ਜੀ ਕਹਿੰਦੇ ਹਨ ਕਿ ਹੇ ਲੋਹਾਰ ਮੈਂ ਤਾਂ (ਜੰਗਲ ਵਿੱਚ) ਆਪਣੇ ਪਤੀ ਅੱਲਾ ਨੂੰ ਲਭਦਾ ਹਾਂ ਪਰ ਤੂੰ ਅੰਗਿਆਰਿਆਂ (ਭਾਵ ਵਿਕਾਰਾਂ) ਦੀ ਤਿਆਰੀ ਵਿੱਚ ਰੁੱਝਾ ਹੋਇਆ ਹੈਂ॥ ਬਾਕੀ ਵਿਦਵਾਨਾਂ ਨੇ ਤਾਂ ਦੂਸਰੀ ਪੰਕਤੀ ਵਿੱਚ ਵਿਕਾਰਾਂ ਨੂੰ ਵੀ ਭੁਲਾ ਦਿੱਤਾ ਹੈ ਅਤੇ ਸਿੱਧੀ ਕੋਲਿਆਂ ਦੀ ਹੀ ਗੱਲ ਕੀਤੀ ਹੈ॥ ਅਤੇ ਪਹਿਲੀ ਪੰਕਤੀ ਵਿੱਚ ਕੈਸਰੁ ਦੇ ਅਰਥਾਂ ਨੂੰ ਅਣਗੌਲਿਆਂ ਕਰ ਦਿੱਤਾ ਹੈ॥

ਪਹਿਲੀ ਪੰਕਤੀ ਦੇ ਇਹ ਅਰਥ ਲਗਭੱਗ ਢੁੱਕਦੇ ਹੀ ਹਨ ਸਿਵਾਇ ਇਸ ਦੇ ਕਿ ਅੰਗਿਆਰਾਂ ਦਾ ਭਾਵ "ਵਿਕਾਰ" ਬਹੁਤਾ ਪ੍ਰਭਾਵਿਤ ਨਹੀਂ ਕਰਦਾ॥ ਪਰ ਦੂਸਰੀ ਪੰਕਤੀ ਦੇ ਅਰਥਾਂ ਵਿੱਚ ਕੁਝ ਔਕੜਾਂ ਪੇਸ਼ ਆਉਂਦੀਆਂ ਹਨ॥

(ੳ): ਭੱਠੀ ਲਈ ਕੋਲੇ ਤਿਆਰ ਕਰਨੇ ਲੋਹਾਰ ਦੀ ਕ੍ਰਿਤ ਹੈ ਜਿਸ ਵਿੱਚ ਵਿਕਾਰਾਂ ਵਾਲ਼ੀ ਕੋਈ ਗੱਲ ਨਹੀਂ॥ ਇਥੋਂ ਤੱਕ ਤਾਂ ਲੋਹਾਰ ਦੀ ਇਹ ਕ੍ਰਿਤ ਉਸਦੇ ਦਸਾਂ ਨਹੁੰਆਂ ਦੀ ਕਮਾਈ (ਭਾਵ ਸੱਚੀ – ਸੁੱਚੀ ਕ੍ਰਿਤ) ਹੈ॥ ਗੁਰੂ ਨਾਨਕ



ਪਾਤਸ਼ਾਹ ਨੇ ਆਪਣੀ ਪਹਿਲੀ ਉਦਾਸੀ ਭਾਈ ਲਾਲੋ ਦੇ ਘਰੋਂ ਸ਼ੁਰੂ ਕੀਤੀ ਸੀ ਜਿਸਦੀ ਸੱਚੀ-ਸੁੱਚੀ ਕ੍ਰਿਤ ਨੂੰ ਗੁਰੂ ਸਾਹਿਬ ਨੇ ਮਾਣ ਬਖਸ਼ਿਆ॥ ਲੋਹਾਰ ਦੀ ਕ੍ਰਿਤ ਕਿਵੇਂ ਵਿਕਾਰਾਂ-ਭਰੀ ਹੋ ਗਈ?

(ਅ): ਫਰੀਦ ਸਾਹਿਬ ਨੇ ਲੋਹਾਰ ਨੂੰ ਹੀ ਕਿਉਂ ਚੁਣਿਆ, ਜਦ ਕਿ ਸੰਸਾਰ ਵਿੱਚ 99.999% ਤੋਂ ਵੀ ਵੱਧ ਲੋਕ ਵਿਕਾਰੀ (ਭਾਵ ਆਪਣੀਆਂ ਇੰਦ੍ਰੀਆਂ ਨੂੰ ਤ੍ਰਿਪਤ ਕਰਨ ਦੀ ਹੀ ਕੋਸ਼ਿਸ਼ ਕਰਦੇ) ਹਨ, ਅਤੇ ਬਹੁਤਿਆਂ ਦੀ ਕ੍ਰਿਤ ਵੀ ਸੁੱਚੀ ਨਹੀਂ ਹੁੰਦੀ॥ ਸੋ, ਉਹ ਸਿੱਧਾ ਵਿਕਾਰੀ ਮਨੁੱਖਾਂ ਨੂੰ ਹੀ ਸੰਬੋਧਨ ਕਰ ਸਕਦੇ ਸਨ॥

2: ਫਰੀਦ ਸਾਹਿਬ ਜੰਗਲ ਵਿੱਚ ਰੱਬ ਨੂੰ ਕਿਵੇਂ ਢੂੰਡ ਸਕਦੇ ਸਨ ਜਦ ਕਿ ਉਹ ਆਪ ਲਿਖਦੇ ਹਨ ਕਿ ਫਰੀਦ ਤੂੰ ਜੰਗਲਾਂ ਵਿੱਚ ਕਿਸਨੂੰ ਲਭ ਰਿਹਾ ਹੈ, ਰੱਬ ਤਾਂ ਤੇਰੇ ਹਿਰਦੇ ਵਿੱਚ ਵੱਸਦਾ ਹੈ॥

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥ ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ 1378॥**

ਇਥੇ ਫਰੀਦ ਸਾਹਿਬ ਆਪਣੀ ਜਾਂ ਲੋਹਾਰ ਦੀ ਗੱਲ ਕਰਦੇ ਨਹੀ ਜਾਪਦੇ॥ ਸੋ ਅਸਲ ਭਾਵ ਕੁਝ ਹੋਰ ਹੈ॥ ਉਹ ਇੱਕ ਪਾਸੇ ਹੰਕਾਰ, ਅਤੇ ਦੂਸਰੇ ਪਾਸੇ ਨਿੰਮ੍ਰਤਾ ਅਤੇ ਸਹਿਨ ਸ਼ਕਤੀ ਦੀ ਗੱਲ ਕਰਦੇ ਜਾਪਦੇ ਹਨ॥ ਜਦ ਫਰੀਦ ਸਾਹਿਬ ਜੰਗਲ ਵਿੱਚ ਲੋਹਾਰ ਦੇ "ਕੈਸਰੁ" ਹੋਣ ਦੀ ਗੱਲ ਕਰਦੇ ਹਨ ਤਾਂ ਉਹਨਾਂ ਦਾ ਜ਼ੋਰ ਸ਼ਬਦ "ਕੈਸਰੁ"'ਤੇ ਹੈ

ਨਾਂ ਕਿ "ਲੋਹਾਰ"ਤੇ । ਲੋਹਾਰ ਆਪਣੇ ਆਪ ਨੂੰ ਜੰਗਲ ਦਾ ਬਾਦਸ਼ਾਹ ਸਮਝਦਾ ਹੈ ਤਾਂ ਉਹ ਹੰਕਾਰਿਆ ਹੋਇਆ ਹੈ॥ ਹੰਕਾਰ ਮਾਇਆ ਦਾ ਹੀ ਇੱਕ ਰੂਪ ਹੈ ਅਤੇ ਇਸ ਤੋਂ ਕੋਲੇ (ਭਾਵ ਕਾਲਖ਼ ਹੀ) ਮਿਲਦੇ ਹਨ॥

ਦੂਸਰੇ ਪਾਸੇ ਰੁੱਖਾਂ ਦੀ ਸਹਿਨ ਸ਼ਕਤੀ ਅਤੇ ਉਹਨਾਂ ਦੀ ਜੀਵਾਂ ਨੂੰ ਕਈ ਪ੍ਰਕਾਰ ਦੇ ਸੁਖ ਦੇਣੇ ਬਹੁਤ ਮੰਨੀ - ਪ੍ਰੰਨੀ ਸੱਚਾਈ ਹੈ॥ ਰੁੱਖ ਸਾਡੀ ਧੁੱਪ, ਸਰਦੀ ਅਤੇ ਮੀਂਹ ਵਿੱਚ ਰੱਖਿਆ ਕਰਦੇ ਹਨ, ਅਤੇ ਸਾਨੂੰ ਬਹੁਤ ਲੋੜੀਂਦੀ ਆਕਸੀਜਨ ਗੈਸ ਪਰਦਾਨ ਕਰਦੇ ਹਨ॥ ਸਾਨੂੰ ਫ਼ਲ ਦਿੰਦੇ ਹਨ, ਅਤੇ ਇਹਨਾਂ ਦੀ ਲੱਕੜੀ ਸਾਡੇ ਬਹੁਤ ਕੰਮ ਸੁਆਰਦੀ ਹੈ ਜਿਸ ਨਾਲ ਅਸੀਂ ਮਕਾਨ, ਫਰਨੀਚਰ, ਬੇੜੀਆਂ, ਬੂਹੇ ਬਾਰੀਆਂ, ਅਤੇ ਕਾਗਜ਼ ਬਣਾਉਂਦੇ ਹਾਂ ਅਤੇ ਸਾਡੇ ਬਾਲਣ ਦੇ ਕੰਮ ਆਉਂਦੀ ਹੈ॥

ਇਹਨਾਂ ਦੇ ਫ਼ਲ, ਸਿੰਮਦੇ ਹੋਏ ਰਸ, ਅਤੇ ਸੱਕ ਬਹੁਤ ਸਾਰੀਆਂ ਦਵਾਈਆਂ ਵਿੱਚ ਵਰਤੇ ਜਾਂਦੇ ਹਨ॥ ਰੁੱਖਾਂ ਤੋਂ ਬਿਨਾਂ ਸਾਡਾ ਜੀਵਨ ਸੰਭਵ ਹੀ ਨਹੀਂ॥ ਪਰ ਜਦ ਅਸੀਂ ਇਹਨਾਂ ਤੇ ਕੁਹਾੜੇ ਜਾਂ ਹੋਰ ਤਿੱਖੇ ਹਥਿਆਰ ਚਲਾਉਂਦੇ ਹਾਂ, ਤਾਂ ਇਹ ਰੋਸ ਵੀ ਨਹੀਂ ਵਿਖਾਉਂਦੇ॥ ਰੁੱਖਾਂ ਦੀ ਸਹਿਣ ਸ਼ਕਤੀ ਬਾਰੇ ਫਰੀਦ ਸਾਹਿਬ ਨੇ ਹੀ ਇਹ ਸਲੋਕ ਵੀ ਲਿਖਿਆ ਹੈ॥

**ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਦਿ॥ ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਦਿ॥ 1381॥**

**ਅਰਥ**: ਹੇ ਫਰੀਦ, ਅਪਣੇ ਮਨ ਦੀ ਭਟਕਣਾ ਦੂਰ ਕਰਕੇ, ਆਪਣੇ ਮਾਲਕ ਪ੍ਰਭੂ ਦੀ ਸੇਵਾ ਕਰ (ਹੁਕਮ ਮੰਨ)॥ ਫ਼ਕੀਰਾਂ ਨੂੰ ਤਾਂ ਰੁੱਖਾਂ ਵਰਗੇ ਜੇਰੇ (ਸਹਿਨ ਸ਼ੀਲਤਾ) ਦੀ ਲੋੜ ਹੈ॥ ਪੰਜਵੇ ਸਾਹਿਬ, ਗੁਰੂ ਅਰਜਨ ਦੇਵ ਜੀ, ਵੀ ਰੁੱਖਾਂ ਦੀ ਸਹਿਨ ਸ਼ੀਲਤਾ ਬਾਰੇ ਇਉਂ ਲਿਖਦੇ ਹਨ:

**ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ॥ ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ॥ 1017॥**

**ਅਰਥ:** ਮਨੁੱਖ ਤਿੱਖੇ ਹਥਿਆਰ ਨਾਲ ਰੁੱਖ ਨੂੰ ਕੱਟ ਕੇ ਸੁੱਟ ਦਿੰਦਾ ਹੈ, ਪਰ ਰੁੱਖ ਇਸ ਦੁੱਖ ਦਾ ਬੁਰਾ ਨਹੀਂ ਮਨਾਉਂਦਾ ਹੈ, ਅਤੇ ਕੱਟਣ ਵਾਲ਼ੇ ਨੂੰ ਤਿਲ ਭਰ ਦੋਸ਼ ਵੀ ਨਹੀਂ ਦਿੰਦਾ, ਹੈ ਸਗੋਂ ਉਸਦੇ ਕੰਮ ਸੁਆਰ ਦਿੰਦਾ ਹੈ॥

ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਦੀ ਸਹਿਨਸ਼ੀਲਤਾ ਅਤੇ ਉਹਨਾਂ ਦੇ ਪਰਉਪਕਾਰਾਂ ਦੀ ਰੁੱਖਾਂ ਨਾਲ਼ ਉਪਮਾ ਕਰਦੇ ਹੋਇ ਭੱਟ ਕਲਸਹਾਰ (ਕਲ) ਲਿਖਦੇ ਹਨ:

**ਸਦਾ ਅਕਲ ਲਿਵ ਰਹੈ ਕਰਨ ਸਿਉ ਇਛਾ ਚਾਰਹ॥ ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ॥ 1392॥**

ਅਰਥ: ਗੁਰੂ ਅੰਗਦ ਦੇਵ ਜੀ ਦੀ ਲਿਵ ਸਦਾ ਪ੍ਰਭੂ ਚਰਨਾਂ ਨਾਲ਼ ਜੁੜੀ ਰਹਿੰਦੀ ਹੈ, ਅਤੇ ਉਹ ਆਪਣੀ ਇੱਛਾ ਵਿੱਚ ਪੂਰੀ ਤਰ੍ਹਾਂ ਸੁਤੰਤਰ ਹਨ (ਭਾਵ ਜੋ ਚਾਹੁਣ ਕਰ ਸਕਦੇ ਹਨ)॥ ਜਿਵੇਂ ਕੋਈ ਫਲ਼ਾਂ ਨਾਲ਼ ਲੱਦਿਆ ਹੋਇਆ ਰੁੱਖ ਨਿਉਂਦਾ ਹੈ ਅਤੇ (ਜਦ ਲੋਕ ਫਲ ਲੈਣ ਲਈ ਉਸਨੂੰ ਵੱਟੇ ਮਾਰਦੇ ਹਨ) ਉਹ ਖੇਚਲ ਸਹਾਰਦਾ ਹੈ॥ ਇਸੇ ਤਰ੍ਹਾਂ ਗੁਰੂ ਸਾਹਿਬ ਲੋਕਾਂ ਨਾਲ਼ ਬਹੁਤ ਨਿੰਮ੍ਰਤਾ ਨਾਲ ਪੇਸ਼ ਆਉਂਦੇ ਹਨ ਅਤੇ ਉਹਨਾਂ ਦੇ ਦੁੱਖ ਤਕਲੀਫ਼ਾਂ ਦੂਰ ਕਰਨ ਦੀ ਖੇਚਲ ਝੱਲਦੇ ਹਨ॥ ਗੁਰੂ ਸਾਹਿਬ ਦੇ ਵਿਚਾਰ ਬਹੁਤ ਪਵਿੱਤ੍ਰ ਹਨ॥

ਸੋ ਇਹ ਪਾਵਨ ਸਲੋਕ ਲੋਹਾਰ ਅਤੇ ਫਰੀਦ ਸਾਹਿਬ ਬਾਰੇ ਨਹੀਂ ਹੈ॥ ਫਰੀਦ ਸਾਹਿਬ ਦਾ ਅਸਲ ਵਿਸ਼ਾ ਹੰਕਾਰ ਅਤੇ ਨਿੰਮ੍ਰਤਾ ਬਾਰੇ ਹੈ॥ ਅਕਾਲਪੁਰਖ ਹੰਕਾਰ ਨਾਲ਼ ਨਹੀਂ ਸਗੋਂ ਨਿੰਮ੍ਰਤਾ ਨਾਲ ਮਿਲਦਾ ਹੈ॥ ਦੂਸਰੀ ਪੰਕਤੀ ਵਿੱਚ ਰੁੱਖ ਹੀ ਲੋਹਾਰ ਨੂੰ ਕਹਿ ਰਹੇ ਹਨ ਕਿ, ਹੇ ਵੀਰ, ਅਸੀਂ ਤਾਂ ਨਿੰਮ੍ਰਤਾ ਧਾਰਨ ਕਰਕੇ ਲੋਕਾਂ ਦੇ ਬਹੁਤ ਕੰਮ ਸੁਆਰਦੇ ਹਾਂ ਕਿ ਸ਼ਾਇਦ ਵਾਹਿਗੁਰੂ ਸਾਡੇ ਤੇ ਮਿਹਰ ਕਰਕੇ ਸਾਨੂੰ ਆਪਣੇ ਵਿੱਚ ਸਮਾ ਲਏ, ਪਰ ਤੇਰਾ ਹੰਕਾਰ (ਕਿ ਤੂੰ ਸਾਡੇ ਕਿਸੇ ਉੱਤੇ ਵੀ ਕੁਹਾੜਾ ਚਲਾ ਸਕਦਾ ਹੈਂ) ਤੈਨੂੰ ਮਾਇਆ ਵਿੱਚ ਡੂੰਘਾ ਧਸਾ ਦਿੰਦਾ ਹੈ ਜਿਸ ਕਾਰਨ ਪ੍ਰਭੂ ਨੂੰ ਪਾਉਣਾ ਤਾਂ ਦੂਰ ਦੀ ਗੱਲ, ਤੈਨੂੰ ਕਾਲਖ਼ ਤੋਂ ਬਿਨਾਂ ਹੋਰ ਕੁਝ ਵੀ ਪ੍ਰਾਪਤ ਨਹੀਂ ਹੋਵੇਗਾ॥ ਇਸ ਸਲੋਕ ਵਿੱਚ ਫਰੀਦ ਸਾਹਿਬ ਦਾ ਅਸਲ ਭਾਵ ਇਹੀ ਲਗਦਾ ਹੈ॥

**(ਇਸ ਦਾ ਪਹਿਲਾ ਭਾਗ ਮਾਰਚ 2022 ਦੇ ਅੰਕ ਵਿਚ ਛਪ ਚੁਕਾ ਹੈ। ਤੀਸਰਾ ਭਾਗ ਮਈ ਵਿਚ ਆਵੇਗਾ।**

# ਗੁਰ ਸੰਗਤਿ ਕੀਨੀ ਖਾਲਸਾ

ਪ੍ਰੋਫੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਵਿਸਾਖੀ ਵਿਸਾਖ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਮਨਾਇਆ ਜਾਣ ਵਾਲਾ ਪੰਜਾਬ ਦਾ ਇਕ ਮੌਸਮੀ ਤਿਉਹਾਰ ਹੈ ।ਇਸ ਦਿਨ ਪੰਜਾਬ ਦੇ ਕਿਸਾਨ ਦੀ ਮੁਖ ਆਸਾੜੀ ਫ਼ਸਲ ਤਿਆਰ ਹੁੰਦੀ ਹੈ ਤੇ ਉਹ ਇਸਦੀ ਕਟਾਈ ਸ਼ੁਰੂ ਕਰਦਾ ਹੈ ।ਇਸ ਦਿਨ ਫ਼ਸਲ ਨੂੰ ਦਾਤੀ ਪਾਉਣ ਦਾ ਸ਼ਗਨ ਵੀ ਕੀਤਾ ਜਾਂਦਾ ਹੈ ।ਭਾਰਤੀ ਮਿਥਿਹਾਸ ਵਿਚ ਵੀ ਵਿਸਾਖੀ ਨਾਲ ਅਨੇਕ ਧਾਰਮਕ ਪਰੰਪਰਾਂਵਾਂ ਜੁੜੀਆਂ ਹੋਈਆਂ ਹਨ ।ਹੁਣ ਵੀ ਦੇਸ਼ ਭਰ ਵਿਚ ਇਸ ਦਿਨ ਸ਼ਰਧਾਲੂ ਸਰੋਵਰਾਂ ਤੇ ਨਦੀਆਂ ਵਿਚ ਇਸ਼ਨਾਨ ਕਰਦੇ ਹਨ ।ਕਈ ਸ਼ਹਿਰਾਂ ਵਿਚ ਧਾਰਮਕ ਮੇਲੇ ਲਗਾਦੇ ਹਨ।

**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।** (ਭਾਈ ਗੁਰਦਾਸ ਜੀ, ਪਿਹਲੀ ਵਾਰ ਦੀ ਸਤਾਈਵੀਂ ਪਉੜੀ)।ਇਸ ਪਉੜੀ ਦੀ ਛੇਵੀਂ ਤੁੱਕ ਹੈ:- **ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥ (1-27-6)**

ਮਹਾਨ ਕੋਸ਼ ਨੇ ਵਸੋਆ ਦਾ ਇਕ ਅਰਥ "ਵਿਸਾਖੀ ਦੀ ਸਾਂਕ੍ਰਾਂਤੀ" ਲਿਖਿਆ ਹੈ ।ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ ਵੈਸਾਖੀ ਦੀ ਸੰਗ੍ਰਾਂਦ ਤੇ ਘਰ ਘਰ ਵਿਚ ਕੀਰਤਨ ਹੋਣ ਦਾ ਕਥਨ ਗੁਰੂ ਜੀ ਦੇ ਵੈਸਾਖ ਦੀ ਸੰਗ੍ਰਾਦ ਨੂੰ ਅਵਤਾਰ ਧਾਰਨ ਦੀ ਵਿਚਾਰ ਦਾ ਸਮਰਥਨ ਕਰਦਾ ਹੈ ਜੋ ਬਹੁਤੇ ਵਿਦਵਾਨਾਂ ਨੇ 15 ਅਪ੍ਰੈਲ 1469 ਮੰਨਿਆ ਹੈ।

ਸਿੱਖ ਧਰਮ ਵਿਚ ਵਿਸਾਖੀ ਦਾ ਸਮਾਗਮ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇ ਆਰੰਭ ਹੋਇਆ।ਡੱਲਾ ਨਿਵਾਸੀ ਭਾਈ ਪਾਰੋ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਿਖ ਹੋਇਆ ।ਉਸਨੇ ਸ੍ਰੀ ਗੁਰੂ ਅਮਰਦੇਵ ਦੀ ਆਗਿਆ ਲੈਕੇ ਵੈਸਾਖੀ ਦਾ ਜੋੜਮੇਲਾ ਠਹਿਰਾਇਆ ।(ਮਹਾਨਕੋਸ਼)। ਉਸ ਤੋਂ ਬਾਦ ਹਰੇਕ ਸਾਲ ਵੈਸਾਖੀ ਤੇ ਗੁਰੂ ਦਰਬਾਰ ਵਿਚ ਧਾਰਮਕ ਜੋੜਮੇਲਾ ਹੋਣ ਲਗ ਪਿਆ ।

ਵੈਸਾਖੀ ਦੇ ਦਿਨ ਗੁਰਦਰਸ਼ਨ ਲਈ ਦੇਸ ਵਿਦੇਸ ਤੋਂ ਸੰਗਤਾਂ ਦਾ ਇਕੱਠ ਹੋਣ ਲੱਗਾ।ਇਸ ਇਕੱਠ ਦੀ ਪਰੰਪਰਾ ਦਾ ਲਾਭ ਉਠਾਕੇ ਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1699 ਦੀ ਵਿਸਾਖੀ ਨੂੰ ਸਿਖ ਸੰਗਤਾਂ ਦਾ ਵਿਸ਼ਾਲ ਇਕੱਠ ਕਰਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ ।

ਗੁਰੂ ਨਾਨਕ ਦੇਵ ਜੀ ਨੇ ਸਿਖ ਲਈ "ਸਚਿਆਰਾ"ਪਦ ਦਾ ਆਦਰਸ਼ ਨਿਸਚਿਤ ਕੀਤਾ ਤੇ ਇਸਦੇ ਲਈ, ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛੱਕਣਾ ਦਾ ਰੋਜ਼ਾਨਾ ਅਭਿਆਸ ਨਿਰਧਾਰਤ ਕੀਤਾ। ਲਗਭਗ ਤਿੰਨ ਸੌ ਸਾਲਾਂ ਵਿਚ ਦਸ ਗੁਰੂ ਸਾਹਿਬਾਨ ਨੇ ਸਿੱਖਾਂ ਦੀ ਗੁਰਬਾਣੀ ਦੀ ਰਚਨਾ ਕਰਕੇ ਤੇ ਸਤਿਸੰਗਤ ਦੁਆਰਾ ਗੁਰਸਿੱਖ ਨੂੰ ਇਸ ਨਾਲ ਜੋੜ ਕੇ ਉਸਦੀ ਆਤਮਿਕ, ਆਚਰਣਕ ਤੇ ਸਦਾਚਾਰਕ ਤਿਆਰੀ ਕਰਵਾਈ। ਸਮਕਾਲੀਨ ਧਾਰਮਿਕ ਸੰਪਰਦਾਵਾਂ ਦੇ ਅੰਧਵਿਸ਼ਵਾਸਾਂ, ਕਰਮਕਾਂਡਾਂ, ਪਾਖੰਡਾਂ, ਲੁੱਟਾਂ, ਸਮਾਜਕ ਤੇ ਨਿਆਇਕ ਸ਼ੋਸ਼ਣ ਦੀ ਪੋਲ ਖੋਲ੍ਹੀ ਤੇ ਜਨਤਾ ਨੂੰ ਇਸ ਪ੍ਰਤੀ ਸੁਚੇਤ ਕੀਤਾ। ਬੇਅਰਥ ਧਾਰਮਕ ਕਰਮ, ਜਾਪ-ਤਾਪ ਤੇ ਪੂਜਾ ਪਾਠ ਨੂੰ ਪਾਖੰਡ ਦੱਸਦਿਆਂ ਨਾਮ ਸਿਮਰਨ ਨੂੰ ਸੱਚੀ ਪੂਜਾ ਦਸਿਆ :-

**ਜਾਪ ਤਾਪ ਗਿਆਨ ਸਭਿ ਧਿਆਨ ॥ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ਸਗਲ ਤਿਆਗਿ ਬਨ ਮਧੇ ਫਿਰਿਆ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ਪੁੰਨ ਦਾਨ ਹੋਮੇ ਬਹੁ ਰਤਨਾ ॥ ਸਰੀਰੁ ਕਟਾਇ ਹੋਮੈ ਕਰਿ ਰਾਤੀ ॥ਵਰਤ ਨੇਮ ਕਰੈ ਬਹੁ ਭਾਤੀ ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ਸਗਲ ਤਿਆਗਿ ਬਨ ਮਧੇ ਫਿਰਿਆ॥ ਨਹੀ ਤੁਲਿ ਰਾਮ ਨਾਮ ਬੀਚਾਰ ॥ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥1॥(ਅੰਗ-265)**

ਕਿਰਤ ਕਰਨ ਦੀ ਭਾਵਨਾ ਨੂੰ ਦ੍ਰਿੜ ਕਰਨ ਲਈ ਜੋਗੀਆਂ, ਸੰਨਿਆਸੀਆਂ,ਬੋਧੀਆਂ ਤੇ ਵਿਰੱਕਤ ਵਿਚਰਨ ਵਾਲੀਆਂ ਸੰਪਰਦਾਵਾਂ ਦੇ ਮੰਗ ਖਾਣ ਦਾ ਜ਼ੋਰਦਾਰ ਖੰਡਨ ਕੀਤਾ:-

**ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥ ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥ {ਅੰਗ:1245}ਿ**

ਇਸ ਵਰਤਾਰੇ ਨਾਲ ਆਰਥਕਿ ਵਵੱਸਥਾ ਵੀ ਜੁੜੀ ਹੋਈ ਹੈਿ ਜਸਨੂੰ ਵੱਢੀ,ਿ ਰਸ਼ਵਤਖੋਰੀ ਤੇ ਨਾਜਾਇਜ਼ ਲੈਣ-ਦੇਣ ਦਾ ਘੁਣ ਲੱਗਾ ਸੀਿ ਜਸਤੋਂ ਹੇਠਲੀ ਆਰਥਕ ਤੇ ਸਮਾਕਜ ਸ਼੍ਰੇਣੀ ਦੇ ਲੋਕਾਂ ਦਾ ਜੀਵਨ ਨਰਕ ਬਿਣਆ ਹੋਇਆ ਸੀ। ਗੁਰਬਾਣੀਿ ਵਚ ਸਿਤਗੁਰਾਂ ਤੇ ਭਗਤ ਕਵੀਆਂ ਸਮਕਾਲੀ ਧਾਰਮਕ, ਸਮਾਜਕ ,ਰਾਜਨੈਤਿਕ ਤੇ ਆਰਥਕ ਅਿਨਆਂ ਤੇ ਸ਼ੋਸ਼ਣ ਦਾ ਬੇਬਾਕ ਤੇਿ ਨਡਰ ਹੋਕੇ ਖੰਡਨ ਕੀਤਾ ਹੈਿ ਜਸਦੀਆਂ ਕੁਝ ਉਦਾਹਰਣਾ ਪੇਸ਼ ਹਨ:-

**ਕਾਜੀ ਹੋਇ ਕੈ ਬਹੈ ਨਿਆਇ ਫੇਰੇ ਤਸਬੀ ਕਰੇ ਖੁਦਾਇ ॥ ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥ (ਅੰਗ 951)**

**ਮ: ੧ ॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ ਅੰਗ: 141}**

ਵੰਡ ਛੱਕਣਾ ਦਾ ਭਾਵ-ਅਰਥ ਕੇਵਲ ਭੋਜਨ ਖੁਆਉਣ ਤਕ ਸੀਮਤ ਨਹੀ। ਇਸਿ ਵਚ ਸਾਰਾ ਸਮਾਜਕ ਵਰਤੋਂਿ ਵਹਾਰ ਆ ਜਾਂਦਾ ਹੈ । ਪ੍ਰਵਾਰਕ ਤੇ ਸਮਾਜਕ ਸੰਬੰਧਾਂ ਤੇ ਵਰਤੋਂਿ ਵਹਾਰ ਦੀ ਨੈਤਿਕ ਤੇ ਸਦਾਚਾਰ ਦੀ ਆਦਰਸ਼ਕਿ ਸਿੱਖਆ ਦੀ ਬੜੀ ਸਾਰਥਕ ਪ੍ਰੇਰਨਾ ਗੁਰਬਾਣੀ ਤੋਂਿ ਮਲਦੀ ਹੈ:-

**ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥ {ਅੰਗ:386}**

**ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ਅੰਗ:1384)**

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥1382}**

**ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥ {ਅੰਗ: 728}**

**ਪਰ ਧਨ ਪਰ ਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥੧॥ (ਅੰਗ:1163)**

**ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥(ਅੰਗ: 465)**

ਵੈਸਾਖੀ ਤੇ ਅੰਿਮ੍ਰਤ ਛਕਾ ਕੇ ਗੁਰੂ ਜੀ ਨੂੰ ਉਪ੍ਰੋਕਤ ਸਾਰੀਆਂ ਮਾਨਸਕ ਬੀਮਾਰੀਆਂ ਤੇ ਸਮਾਜਕ ਔਕੜਾ ਤੋ ਮੁਕਤ ਕਰਕੇ, ਖਾਲਸਾ ਰੂਪਿ ਵਚ ਮਨੁੱਖ ਦੀ ਕਇਆ ਕਲਪ ਕਰਿ ਦੱਤੀ ।ਸਾਬਤ ਸੂਰਤ ਤੇ ਪੰਜ ਕਕਾਰ ਆਚਰਣ ਅਤੇ ਸਰੀਰੀ ਰਿੱਖਆ ਦੇ ਨਾਲ ਨਾਲ ਰਾਜਨੈਿਤਕ ਸ਼ੋਸ਼ਣ, ਜ਼ੁਲਮ ਤੇ ਧੱਕੇਸ਼ਾਹੀਿ ਵਰੁਧ ਡਟ ਖਲੋਣ ਦੀਿ ਹਮੰਤ ਤੇ ਜੁੱਰਤ ਬਖ਼ਸ਼ਦੇ ਹਨਿ।ਜਨ੍ਹਾਂ ਨੇ ਸਦੀਆਂ ਦੀ ਗੁਲਾਮੀ ਦੀ ਜੜਾਂ ਪੁੱਟ ਸੁੱਟੀਆਂ ਤੇ ਅਣਖ ਨਾਲ ਜੀਣਾਿ ਸਖਾਇਆ ਿ।ਨਤਨੇਮ ਤੇ ਸਿਤਸੰਗ ਦੁਆਰਾ ਰੋਜ਼ ਗੁਰਬਾਣੀ ਦੁਆਰਾ ਨਾਮ ਜਪਣ ਨਾਲ ਸਾਰੀਆਂ ਮਾਨਸਕ ਔਝੜਾਂ ਤੋ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ । ਗੁਰੂ ਦਿਿ ਸਿੱਖਆ ਅਤੇ ਪਰੇਰਨਾ ਦੁਆਾਰਾ ਖਾਲਸਾ ਨੇ ਸਿਚਆਰ ਪਦ ਪਰਾਪਤ ਕਰਕੇ ਸ਼ਖ਼ਸਿ,ਪਰਵਾਰਕ, ਸਮਾਜਕ, ਆਰਥਕ ਤੇ ਰਾਜਨੇਤਿਕ ਮਨੁੱਖਤਾ ਦੀ ਕਇਆ ਕਲਪ ਕਰਿ ਦੱਤੀ ।

**ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥ ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥ ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥ ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ॥੨॥੬॥(ਅੰਗ :1399}**

ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥ {ਅੰਗ: 728}

# ਖੇਤਾਂ ਵਿਚ ਪਰਾਲੀ ਸਾੜਨ ਨੂੰ ਬਹੁ-ਪੱਖੀ ਢੰਗਾਂ ਅਤੇ ਸਬਸਿਡੀ ਨਾਲ ਨਜਿਠੀਏ



ਡਾ. ਮਿਲਖਾਸਿੰਘ, ਬਰੈਂਪਟਨ



ਡਾ. ਕਾਬਲ ਸਿੰਘ, ਐਡਮਿੰਟਨ

ਝੋਨੇ ਦੀ ਵਾਢੀ ਤੋਂ ਬਾਅਦ ਪਰਾਲੀ ਦਾ ਬਹੁਤਾ ਹਿਸਾ ਖੇਤਾਂ ਵਿੱਚ ਸਾੜ ਦਿੱਤਾ ਜਾਂਦਾ ਹੈ, ਕਿਉਂਕਿ ਇਸ ਵਿਚ ਸਿਲਿਕਾ ਅਤੇ ਆਗਜ਼ੀਲੇਟ ਤੱਤ ਜ਼ਿਆਦਾ ਹੋਣ ਕਰਕੇ ਇਹ ਪਸ਼ੂਆਂ ਲਈ ਘੱਟ ਪਚਣਯੋਗ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਪਰਾਲੀ ਸਾੜਨ ਤੇ ਪਾਬੰਦੀ ਲਾ ਦਿਤੀ ਹੈ, ਅਤੇ ਜੁਰਮਾਨਾ ਵੀ ਨਿਰਧਾਰਤ ਕੀਤਾ ਹੈ।

**ਪਰਾਲੀ ਸਾੜਨ ਦੇ ਕਾਰਨ**: ਪਰਾਲੀ ਦੀ ਜ਼ਿਆਦਾ ਮਾਤਰਾ (40-50 ਕਵਿੰਟਲ ਪ੍ਰਤੀ ਏਕੜ) ਹੋਣ ਕਰਕੇ, ਕਿਸਾਨ 2-4 ਹਫ਼ਤਿਆਂ ਵਿਚ ਖੇਤ ਤਿਆਰ ਕਰਕੇ ਸਮੇਂ ਸਿਰ ਕਣਕ ਦੀ ਬਿਜਾਈ ਕਰਨ ਵਿੱਚ ਅਸਮਰੱਥ ਹੋ ਜਾਂਦੇ ਹਨ। ਉਹ ਜ਼ਮੀਨ ਵਿੱਚਲੇ ਕੀੜੇ-ਮਕੌੜੇ 'ਤੇ ਬਿਮਾਰੀਆਂ, ਅਤੇ ਪਰਾਲੀ ਵਿਚ ਲੁੱਕ ਕੇ ਪਲਦੇ ਚੂਹਿਆਂ ਆਦਿ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਛੋਟੇ ਕਿਸਾਨ 3,000 ਰੁਪਏ ਪ੍ਰਤੀ ਏਕੜ ਤੋਂ ਵੱਧ ਖਰਚ ਕਰਕੇ ਜ਼ਮੀਨ ਵਿਚ ਵਾਹੁਣ ਜਾਂ ਖੇਤ ਵਿਚੋਂ ਬਾਹਰ ਕੱਢਣ ਵਿੱਚ ਅਸਮਰੱਥ ਹੋਣ ਕਰਕੇ ਪਰਾਲੀ ਸਾੜਦੇ ਹਨ।

**ਪਰਾਲੀ ਸਾੜਨ ਨਾਲ ਆਰਥਕ ਨੁਕਸਾਨ**: ਖੇਤ ਵਿੱਚ ਵਾਹੀ ਜਾਣ ਤੋਂ ਕੁਝ ਸਮੇਂ ਬਾਅਦ, ਪਰਾਲੀ ਜੈਵਿਕ ਪਦਾਰਥ ਬਣਕੇ ਫਸਲਾਂ ਦੇ ਪੌਸ਼ਟਿਕ ਤੱਤਾਂ ਦਾ ਸਰੋਤ ਬਣਦੀ ਹੈ, ਜ਼ਮੀਨ ਦੀ ਸਿਹਤ ਸੁਧਾਰਦੀ ਹੈ ਅਤੇ ਪੌਸ਼ਟਿਕ ਤੱਤਾਂ ਨੂੰ ਪਾਣੀ ਨਾਲ ਹੇਠਾਂ ਡੂੰਘਾਈ ਵੱਲ ਜਾਣ ਤੋਂ ਰੋਕਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਰਾਹੀਂ ਲਭਿਆ ਗਿਆ ਕਿ ਪਰਾਲੀ ਦਾ 21% ਹਿਸਾ ਜ਼ਮੀਨ ਵਿਚ ਜੈਵਿਕ ਪਦਾਰਥ ਬਣ ਜਾਂਦਾ ਹੈ। ਸਾਰੀ ਪਰਾਲੀ ਜ਼ਮੀਨ ਵਿੱਚ ਰਲਾਉਣ ਨਾਲ 30-50% ਤਕ ਰਸਾਇਣਕ ਖਾਦਾਂ ਦੀ ਪੂਰਤੀ ਹੋ ਸਕਦੀ ਹੈ। ਪਰਾਲੀ ਨੂੰ ਸਾੜਨ ਨਾਲ ਸਾਰਾ ਜੈਵਿਕ ਪਦਾਰਥ, ਸਾਰੀ ਨਾਈਟ੍ਰੋਜਨ ਅਤੇ ਕੁਝ ਹੋਰ ਪੌਸ਼ਟਿਕ ਤੱਤ ਹਵਾ ਵਿਚ ਉਡ ਜਾਂਦੇ ਹਨ, ਦੋਸਤ ਕੀੜੇ 'ਤੇ ਸੂਖਮ ਜੀਵਾਣੂ ਮਰ ਜਾਂਦੇ ਹਨ, ਅਤੇ ਜ਼ਮੀਨ ਦੀ ਸਿਹਤ ਵਿਗੜ ਜਾਂਦੀ ਹੈ।

**ਪਰਾਲੀ ਸਾੜਨ ਨਾਲ ਵਾਤਾਵਰਣ ਦੇ ਨੁਕਸਾਨ**: ਭਾਰਤ ਵਿੱਚ ਖੇਤੀਬਾੜੀ ਰਾਹੀਂ ਕੁਲ ਕਾਰਬਨ ਡਾਈਆਕਸਾਈਡ ਦੇ ਉਤਪਾਦਨ ਦਾ ਲਗਭਗ 90% ਹਿਸਾ ਖੇਤਾਂ ਵਿੱਚ ਝੋਨੇ ਦੀ ਪਰਾਲੀ ਨੂੰ ਸਾੜਨ ਕਾਰਨ ਹੁੰਦਾ ਹੈ। ਜ਼ਹਿਰੀਲੀਆਂ ਗੈਸਾਂ (ਮੀਥੇਨ, ਕਾਰਬਨ ਮੋਨੋਔਕਸਾਈਡ, ਕਾਰਬਨ ਡਾਈਔਕਸਾਈਡ ਅਤੇ ਨਾਇਟਰਸ ਔਕਸਾਈਡ, ਆਦਿ) ਅਤੇ ਧੂਏਂ ਕਾਰਨ ਮਨੁਖਾਂ, ਜਾਨਵਰਾਂ, ਅਤੇ ਵਾਤਾਵਰਣ ਦੀ ਸਿਹਤ ਖਰਾਬ ਹੁੰਦੀ ਹੈ। ਪਰਾਲੀ ਸਾੜਨ ਕਾਰਨ ਨਵੰਬਰ-ਦਸੰਬਰ ਵਿਚ ਬਹੁਤ ਸੰਘਣੇ ਧੂਏਂ ਨਾਲ ਖਰਾਬ ਹਵਾ ਕਰਕੇ ਦਮਾਂ ਤੇ ਫੇਫੜਿਆ ਅਤੇ ਦਿਲ ਦੀਆਂ ਬੀਮਾਰੀਆਂ ਅਤੇ ਸੜਕਾਂ ਤੇ ਹਾਦਸੇ ਵੀ ਵਧਦੇ ਹਨ।

**ਖੇਤ ਵਿਚ ਪਰਾਲੀ ਦੀ ਸੰਭਾਲ ਲਈ ਵਾਤਾਵਰਣ-ਅਨੁਕੂਲ ਤਰੀਕੇ**: ਪੀ.ਏ.ਯੂ ਦੇ ਵਿਗਿਆਨੀਆਂ ਨੇ ਲੱਭਿਆ ਕਿ ਗਰਮ ਅਤੇ ਖੁਸ਼ਕ ਮੌਸਮ ਵਿਚ ਫਸਲਾਂ ਦੇ ਉਤਪਾਦਨ ਵਿੱਚ ਝੋਨੇ ਦੀ ਪਰਾਲੀ ਜ਼ਮੀਨ ਉਪਰ ਖਲਾਰਨ ਨਾਲ ਝਾੜ ਵਧਦਾ ਹੈ। ਫਸਲ ਵੱਢਣ ਵਾਲੀ ਕੰਬਾਈਨ ਨਾਲ ਨਾੜ ਕੁਤਰਨ ਤੇ ਖਲਾਰਨ ਵਾਲਾ ਯੰਤਰ ਲਾ ਕੇ ਬਾਅਦ ਵਿਚ ਪਰਾਲੀ ਜ਼ਮੀਨ ਵਿਚ ਸੌਖੀ ਵਾਹੀ ਜਾ ਸਕਦੀ ਹੈ। ਫਿਰ, ਹੈਪੀ-ਸੀਡਰ ਜਾਂ ਜ਼ੀਰੋ-ਟਿਲ ਡਰਿੱਲ ਨਾਲ ਕਣਕ ਬੀਜੀ ਜਾ ਸਕਦੀ ਹੈ। ਭਾਵੇਂ ਕਿ ਕਈ ਵਾਰ ਕਣਕ ਘਟ ਉਗਣ ਕਰਕੇ ਅਤੇ ਚੂਹਿਆਂ ਜਾਂ ਨਦੀਨਾਂ ਆਦਿ ਕਾਰਨ ਝਾੜ ਘੱਟ ਜਾਂਦਾ ਹੈ।

ਸੁਪਰ-ਸੀਡਰ, ਝੋਨੇ ਦੀ ਵਾਢੀ, ਪਰਾਲੀ ਕੁਤਰਣ, ਖਲਾਰਣ ਅਤੇ ਜ਼ਮੀਨ ਵਿੱਚ ਵਾਹੁਣ ਦੇ ਨਾਲ-ਨਾਲ ਖਾਦ ਪਾਉਂਦਾ ਅਤੇ ਕਣਕ ਦੀ ਬਿਜਾਈ ਵੀ ਕਰਦਾ ਹੈ। ਇਹ

ਇੱਕ ਚੰਗਾ ਸਫਲ ਢੰਗ ਹੈ। ਫਸਲ ਵਧੀਆ ਉਗਦੀ ਹੈ ਅਤੇ ਕੀੜਿਆਂ, ਬਿਮਾਰੀਆਂ, ਨਦੀਨਾਂ ਆਦਿ ਕਾਰਨ ਨੁਕਸਾਨ ਵੀ ਘੱਟ ਹੰਦਾ ਹੈ। ਕਿਸਾਨ ਆਮ ਤੌਰ 'ਤੇ 20-35 ਹਾਰਸ-ਪਾਵਰ ਟਰੈਕਟਰ ਵਰਤਦੇ ਹਨ, ਪਰ ਸੁਪਰ-ਸੀਡਰ ਨੂੰ 60-70 ਹਾਰਸ-ਪਾਵਰ ਟਰੈਕਟਰ ਲੋੜੀਂਦਾ ਹੈ। ਜਿਆਦਾ ਰਕਬੇ ਵਾਲੇ ਕਿਸਾਨ ਹੀ 10 ਲੱਖ ਰੁਪਏ ਤੋਂ ਵੱਧ ਟਰੈਕਟਰ, 3 ਲੱਖ ਰੁਪਏ ਸੁਪਰ-ਸੀਡਰ, ਅਤੇ ਲਗਭਗ 1,500 ਰੁਪਏ ਪ੍ਰਤੀ ਏਕੜ ਇਸ ਨੂੰ ਚਲਾਉਣ ਦਾ ਖਰਚਾ ਕਰ ਸਕਦੇ ਹਨ। ਇਸ ਲਈ, ਛੋਟੇ ਕਿਸਾਨਾਂ (86%) ਲਈ ਕਿਰਾਏ ਦੀਆਂ ਇਕਾਈਆਂ ਉਪਲਬਦ ਹੋਣੀਆਂ ਜਰੂਰੀ ਹਨ।

**ਖੇਤ ਵਿਚੋਂ ਬਾਹਰ ਕੱਢਕੇ ਪਰਾਲੀ ਵਰਤਣ ਲਈ ਵਾਤਾਵਰਣ-ਅਨੁਕੂਲ ਤਰੀਕੇ**: ਬਿਜਲੀ, ਗੱਤੇ ਅਤੇ ਕਾਗਜ਼ ਬਣਾਉਣ ਲਈ ਪਰਾਲੀ ਵਰਤੀ ਜਾਂਦੀ ਹੈ। ਪਰ ਪਰਾਲੀ ਨੂੰ ਖੇਤ ਵਿਚੋਂ ਇਕੱਠੀ ਕਰਨ, ਪੰਡਾਂ ਬਨਾਉਣ, ਅਤੇ ਢੋਆ-ਢੁਆਈ ਆਦਿ ਦੇ ਬਹੁਤੇ ਖਰਚੇ ਕਾਰਨ ਇਹ ਢੰਗ ਆਰਥਕ ਪਖੋਂ ਲਾਭਵੰਦ ਨਹੀ ਹੁੰਦੇ।

ਦੁਨੀਆਂ ਦੇ ਸਭ ਤੋਂ ਵੱਧ ਪਸ਼ੂ ਭਾਰਤ ਵਿਚ ਹਨ। ਬਦਕਿਸਮਤੀ ਨਾਲ, ਇਨ੍ਹਾਂ ਦੇ ਗੋਬਰ ਦਾ ਕੁਝ ਹਿਸਾ 'ਤੇ ਲੱਗਭੱਗ ਸਾਰਾ ਪਿਸ਼ਾਬ ਵਿਅਰਥ ਜਾਂਦੇ ਹਨ ਅਤੇ ਵਾਤਾਵਰਣ ਪ੍ਰਦੂਸ਼ਣ ਕਰਦੇ ਹਨ।ਇਨ੍ਹਾਂ ਨੂੰ ਪਰਾਲੀ ਦੀ ਵਰਤੋਂ ਨਾਲ ਰੂੜੀ ਬਣਾਕੇ ਖੇਤਾਂ ਵਿਚ ਪਾਉਣ ਨਾਲ ਪ੍ਰਦੂਸ਼ਣ ਅਤੇ ਫਸਲਾਂ ਲਈ ਰਸਾਇਣਕ ਖਾਦ ਦੀ ਲੋੜ ਬਹੁਤ ਘਟ ਸਕਦੀ ਹੈ। ਇਹ ਤਰੀਕਾ ਕਈ ਦੇਸ਼ਾਂ ਵਿੱਚ ਸਫਲ ਸਿੱਧ ਹੋਇਆ ਹੈ। ਬਹੁਤ ਦੇਸ਼ਾਂ ਵਿਚ ਮੀਟ ਵਾਲੇ ਪਸ਼ੂ-ਪਾਲਕ ਅਕਸਰ ਆਪਣੇ ਖੇਤਾਂ ਵਿਚੋਂ ਜਾਂ ਨੇੜਲੇ ਕਿਸਾਨਾਂ ਤੋਂ ਖਰੀਦ ਕੇ ਫਸਲਾਂ ਦੇ ਰਹਿੰਦ-ਖੂੰਦ ਨੂੰ ਡੰਗਰਾਂ ਹੇਠ ਵਿਛਾਉਂਣ ਲਈ ਵਰਤਦੇ ਹਨ।

ਭਾਰਤੀ ਕਿਸਾਨ ਕਈ ਵਾਰ ਡੰਗਰਾਂ ਹੇਠ ਗੋਹੇ-ਪਿਸ਼ਾਬ ਰਾਹੀਂ ਚਿੱਕੜ ਘਟਾਉਣ ਲਈ ਸੁਕ ਪਾਉਂਦੇ ਹਨ। ਫੇਰ ਵੀ ਤਕਰੀਬਨ ਸਾਰਾ ਪਿਸ਼ਾਬ ਰੁੜਦਾ ਹੈ ਜਾਂ ਜ਼ਮੀਨ ਵਿਚ ਜੀਰ ਜਾਂਦਾ ਹੈ। ਡੰਗਰਾਂ ਦੀ ਹਰੇਕ ਬੰਨਣ ਵਾਲੀ ਜਗਾ ਤੇ ਪਰਾਲੀ ਵਿਛਾ ਕੇ ਰੂੜੀ ਬਣਾਈ ਜਾ ਸਕਦੀ ਹੈ। ਪਰ ਪਰਾਲੀ ਖੇਤ ਵਿਚੋਂ ਕੱਢਣ, ਸੁਕ ਵਿਛਾਉਣ, ਰੂੜੀ ਆਦਿ ਬਣਾਉਣ ਅਤੇ ਵਾਪਸ ਖੇਤ ਵਿਚ ਲਿਜਾਣ ਤੇ ਖਲਾਰਨ ਦਾ ਬਹੁਤ ਕੰਮ ਅਤੇ ਖਰਚਾ ਹੈ।

**ਆਰਥਕ ਸਹਾਇਤਾ ਦੀ ਲੋੜ**: ਹਰੇਕ ਵਾਤਾਵਰਣ-ਅਨੁਕੂਲ ਅਤੇ ਲਾਭਵੰਦ ਤਰੀਕੇ ਵਿੱਚ ਗੰਭੀਰ ਆਰਥਿਕ ਰੁਕਾਵਟਾਂ ਹਨ। ਪਹਿਲਾਂ ਹੀ ਭਾਰੀ ਕਰਜ਼ਿਆਂ ਹੇਠ ਦੱਬੇ ਕਿਸਾਨਾਂ ਤੇ ਹੋਰ ਬੋਝ ਪਾਉਣ ਨਾਲੋਂ, ਪਰਾਲੀ ਸਾੜਨ ਨੂੰ ਘੱਟ ਕਰਨ ਲਈ ਉਨ੍ਹਾਂ ਨੂੰ ਲੋੜੀਂਦੀਆਂ ਮਸ਼ੀਨਾਂ ਅਤੇ/ਜਾਂ ਖਰਚੇ ਵਿਚ ਅਰਥਪੂਰਨ ਆਰਥਿਕ ਸਹਾਇਤਾ ਮਿਲਣੀ ਚਾਹੀਦੀ ਹੈ। ਉਦਾਹਰਣ ਵਜੋਂ ਸਹਿਕਾਰੀ ਤੇ ਸਰਕਾਰੀ ਮਸ਼ੀਨਾਂ ਘੱਟ ਕਿਰਾਏ 'ਤੇ ਵਰਤਣ ਲਈ ਉਪਲਬਦ ਕਰਾਉਣੀਆਂ ਜਾਂ ਖਰੀਦਣ ਲਈ ਮੁੱਲ ਵਿਚ ਛੋਟ ਦੇਣੀ। ਕੇਂਦਰੀ ਬਜਟ 2022-23 ਵਿੱਚ ਫਸਲਾਂ ਦੇ ਰਹਿੰਦ-ਖੂੰਦ ਨੂੰ ਬਿਜਲ਼ੀ ਪੈਦਾ ਕਰਨ ਲ਼ਈ ਵਰਤਣ ਦਾ ਆਦੇਸ਼, ਅਤੇ ਰਸਾਇਣਕ ਖਾਦ-ਮੁਕਤ ਕੁਦਰਤੀ ਅਤੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਦਾ ਪ੍ਰਸਤਾਵ ਹੈ। ਬਜਟ ਵਿਚ ਢੁਕਵੇਂ ਉਤਸ਼ਾਹ ਅਤੇ ਆਰਥਿਕ ਸਹਾਇਤਾ ਲਈ ਲੋੜੀਂਦਾ ਧਨ ਰੱਖਣ ਦੀ ਬਹੁਤ ਲੋੜ ਹੈ।

**ਸਾਰਅੰਸ਼**: ਝੋਨੇ ਦੀ ਪਰਾਲੀ ਨੂੰ ਸਾੜਨ ਤੋਂ ਛੁਟਕਾਰਾ ਪਾਉਣ ਲਈ ਤੁਰੰਤ ਬਹੁ-ਪੱਖੀ, ਵਾਤਾਵਰਣ-ਅਨੁਕੂਲ ਤਰੀਕੇ ਵਰਤਣ ਦੀ ਲੋੜ ਹੈ। ਖੇਤਾਂ ਵਿਚ ਅਤੇ ਬਾਹਰ ਕੱਢ ਕੇ ਵਰਤਣ ਦੇ ਸਾਰੇ ਢੰਗਾਂ ਦੀਆਂ ਸੀਮਾਵਾਂ ਹਨ। ਪਰਾਲੀ ਖੇਤ ਵਿਚ ਵਾਹੁਣ ਨਾਲ ਜ਼ਮੀਨ ਦੀ ਸਿਹਤ, ਅਨਾਜ ਉਤਪਾਦਨ ਅਤੇ ਰਸਾਇਣਕ ਖਾਦ ਦੀ ਕੁਸ਼ਲਤਾ ਵਿੱਚ ਸੁਧਾਰ ਦੇ ਨਾਲ ਰਸਾਇਣਕ ਖਾਦ ਦੀ ਲੋੜ ਅਤੇ ਪ੍ਰਦੂਸ਼ਣ ਵੀ ਘਟਣਗੇ। ਖੇਤੀ-ਸਥਿਰਤਾ ਨੂੰ ਯਕੀਨੀ ਬਣਾਉਣ ਵਿਚ ਸਹਾਇਤਾ ਮਿਲੇਗੀ। ਹੋਰ ਤਕਨੀਕੀ ਸੁਧਾਰਾਂ ਨਾਲ ਵਾਤਾਵਰਣ-ਅਨੁਕੂਲ ਤਰੀਕਿਆਂ ਨੂੰ ਆਰਥਿਕ ਤੌਰ 'ਤੇ ਲਾਭਵੰਦ ਬਣਾਉਣ ਲਈ, ਖਾਸ ਕਰਕੇ ਛੋਟੇ ਕਿਸਾਨਾਂ ਲਈ, ਠੋਸ ਆਰਥਿਕ ਸਹਾਇਤਾ ਦੀ ਲੋੜ ਹੈ। ਕੁੱਲ ਮਿਲਾਕੇ, ਆਰਥਿਕਤਾ ਨੂੰ ਲਾਭ ਪਹੁੰਚਾਉਣ ਲਈ ਪਰਾਲੀ ਸਾੜਨ ਦੇ ਖਤਰਨਾਕ ਰੁਝਾਨ ਨੂੰ ਠੱਲ ਪਾਕੇ ਵਾਤਾਵਰਣ- ਅਤੇ ਕਿਸਾਨ-ਅਨੁਕੂਲ ਬਹੁ ਪੱਖੀ ਤਰੀਕਿਆਂ ਨੂੰ ਵੱਡੇ ਪਧਰ ਤੇ ਅਪਨਾਉਣਾ ਅਤੇ ਢੁਕਵੀ ਆਰਥਿਕ ਸਹਾਇਤਾ ਬਹੁਤ ਜ਼ਰੂਰੀ ਹਨ।

*** ਇਸ ਵਿਸ਼ੇ ਤੇ ਹੋਰ ਵਿਸਥਾਰ ਨਾਲ ਜਾਣਕਾਰੀ ਲਈ ਸਾਂਝੀ ਵਿਰਾਸਤ Website (*sanjhivirasat.org*) ਉਪਰ ਲੇਖ ਪੜੋ ਜੀ।**

# ਅਪ੍ਰੈਲ – ਕੈਨੇਡਾ ਵਿੱਚ ਸਿੱਖ ਵਿਰਾਸਤ ਦਾ ਮਹੀਨਾ

ਡਾ: ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

ਕੈਨੇਡਾ ਦੁਨੀਆ ਦਾ ਪਹਿਲਾ ਦੇਸ਼ ਹੈ ਜਿਸ ਨੇ ਸਿੱਖ ਵਿਰਾਸਤ ਨੂੰ ਇੱਕ ਮਹੀਨਾ (Month of Sikh Heritage) ਸਮਰਪਿਤ ਕੀਤਾ। ਇਹ ਕੈਨੇਡਾ ਵਿੱਚ ਹੋਰਨਾਂ ਨੂੰ ਸਿੱਖਾਂ ਦੇ ਇਤਿਹਾਸ, ਸੱਭਿਆਚਾਰ, ਵਿਸ਼ਵਾਸ ਅਤੇ ਜੀਵਨ ਢੰਗ ਨਾਲ ਸਹੀ ਤਰ੍ਹਾਂ ਜਾਣੂ ਕਰਵਾਉਂਦਾ ਹੈ, ਅਤੇ ਕੈਨੇਡਾ ਵਿੱਚ ਪਿਛਲੇ 125 ਸਾਲਾਂ ਵਿਚ ਸਿੱਖਾਂ ਦੇ ਯੋਗਦਾਨ ਨੂੰ ਮਾਨਤਾ ਦਿੰਦਾ ਹੈ। ਕੈਨੇਡਾ ਵਿੱਚ ਪੰਜ ਲੱਖ ਤੋਂ ਵੱਧ ਸਿੱਖ ਹਨ, ਜੋ ਕੈਨੇਡੀਅਨ ਆਬਾਦੀ ਦਾ ਲਗਭਗ 1.7% ਹਨ।

14 ਅਪ੍ਰੈਲ ਦੇ ਦਿਨ ਨੂੰ 'ਵਿਸਾਖੀ' (Visakhi) ਕਿਹਾ ਜਾਂਦਾ ਹੈ। ਇਹ ਵੈਸਾਖ ਮਹੀਨੇ ਦਾ ਪਹਿਲਾ ਦਿਨ ਹੈ। ਗੁਰੂ ਗੋਬਿੰਦ ਸਿੰਘ, ਉਨ੍ਹਾਂ ਦੇ ਦਸਵੇਂ ਗੁਰੂ ਨੇ 1699 ਵਿੱਚ ਇਸ ਦਿਨ 'ਖਾਲਸਾ' (Khalsa) ਨਾਮ ਦੀ ਇੱਕ ਅਨੋਖੀ ਸੰਸਥਾ ਦਾ ਰਸਮੀ ਤੌਰ 'ਤੇ ਐਲਾਨ ਕੀਤਾ ਸੀ, ਜੋ ਦੁਨੀਆਂ ਦੇ ਪਹਿਲੇ ਧਰਮਾਂ ਤੋਂ ਵਿਲੱਖਣ ਹੈ। ਇਸ ਨੂੰ ਕੈਨੇਡਾ ਸਮੇਤ ਕਈ ਦੇਸ਼ਾਂ ਵਿੱਚ 'ਦਸਤਾਰ ਦਿਵਸ' (Turban Day) ਵਜੋਂ ਵੀ ਮਨਾਇਆ ਜਾਂਦਾ ਹੈ।

## ਸਿੱਖਾਂ ਦਾ ਅੰਤਰ-ਧਰਮ ਫਲਸਫਾ

ਇਹ ਫਲਸਫਾ (Inter-Faith Philosophy) ਉਨ੍ਹਾਂ ਦੇ ਸੱਭਿਆਚਾਰ ਦਾ ਆਧਾਰ ਹੈ। ਸਿੱਖ ਜੀਵਨ ਢੰਗ ਅਤੇ ਉਹਨਾਂ ਦੀ ਸੰਸਕ੍ਰਿਤੀ ਸ੍ਰੀ ਗੁਰੂ ਗ੍ਰੰਥ ਸਾਹਿਬ (Sri Guru Granth Sahib) ਵਿੱਚ ਦਰਜ ਗੁਰੂਆਂ ਦੇ ਫਲਸਫੇ 'ਤੇ ਅਧਾਰਤ ਹੈ ਜੋ ਉਹਨਾਂ ਦੇ ਪਵਿੱਤਰ ਗ੍ਰੰਥ, ਜਿਸ ਨੂੰ ਇੱਕ 'ਜੀਵਤ ਗੁਰੂ' (Living and Eternal Guru) ਵਜੋਂ ਸਤਿਕਾਰਿਆ ਜਾਂਦਾ ਹੈ, ਵਿਚ ਦਰਜ ਹੈ। ਇਹ ਗੁਰੂਆਂ ਅਤੇ ਵੱਖ-ਵੱਖ ਖੇਤਰਾਂ ਦੇ ਸਾਰੇ ਧਾਰਮਿਕ ਵਿਸ਼ਵਾਸਾਂ ਦੇ ਵਿਦਵਾਨਾਂ ਦੁਆਰਾ ਦਿੱਤੀਆਂ ਗਈਆਂ ਵਿਸ਼ਵਵਿਆਪੀ ਕਦਰਾਂ-ਕੀਮਤਾਂ 'ਤੇ ਜ਼ੋਰ ਦਿੰਦਾ ਹੈ।




ਸਰ ਜੌਨ ਏ ਮੈਕਡੋਨਲਡ ਅਤੇ ਕੈਨੇਡਾ ਦੇ ਸਾਬਕਾ ਰੱਖਿਆ ਮੰਤਰੀ ਸਰਦਾਰ ਹਰਜੀਤ ਸਿੰਘ ਸੱਜਣ ਦਾ ਇੱਕ ਪੋਸਟਰ

ਨੋਬਲ ਪੁਰਸਕਾਰ ਜੇਤੂ ਸਰ ਬਰਟਰੈਂਡ ਰਸਲ (Sir Bertrand Russell) ਨੇ ਲਿਖਿਆ ਹੈ, "ਜੇਕਰ ਕੁਝ ਖੁਸ਼ਕਿਸਮਤ ਮਨੁੱਖ ਤੀਜੇ ਵਿਸ਼ਵ ਯੁੱਧ ਦੇ ਹਮਲੇ ਤੋਂ ਬਚ ਜਾਂਦੇ ਹਨ... ਤਾਂ ਸਿੱਖ ਧਰਮ ਹੀ ਉਹਨਾਂ ਦਾ ਮਾਰਗਦਰਸ਼ਨ ਕਰਨ ਦਾ ਇੱਕੋ ਇੱਕ ਸਾਧਨ ਹੋਵੇਗਾ... ਜੋ ਇਸ ਵਿੱਚ ਸਮਰੱਥਾ ਹੈ, ਪਰ ਸਿੱਖਾਂ ਨੇ ਇਸ ਨੂੰ ਸਾਹਮਣੇ ਨਹੀਂ ਲਿਆਂਦਾ। ਇਸ ਧਰਮ ਦੇ ਸ਼ਾਨਦਾਰ ਸਿਧਾਂਤ ਸਮੁੱਚੀ ਮਨੁੱਖਤਾ ਦੇ ਭਲੇ ਲਈ ਹੋਂਦ ਵਿੱਚ ਆਏ ਹਨ। ਇਹ ਉਨ੍ਹਾਂ ਦਾ ਸਭ ਤੋਂ ਵੱਡਾ ਪਾਪ ਹੈ ਅਤੇ ਸਿੱਖ ਇਸ ਤੋਂ ਮੁਕਤ ਨਹੀਂ ਹੋ ਸਕਦੇ"।

ਸਿੱਖ ਵਿਰਸਾ ਉਨ੍ਹਾਂ ਦੇ ਇਤਿਹਾਸ ਤੋਂ ਬਣਿਆ ਹੈ। ਮੁਸਲਮਾਨ ਸ਼ਾਸਕਾਂ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਮਜ਼ਬੂਰ ਕੀਤਾ। ਸਿੱਖਾਂ ਨੂੰ ਆਪਣੇ ਵਿਸ਼ਵਾਸ ਅਤੇ ਹੋਂਦ ਲਈ ਲੜਨਾ ਪਿਆ। ਉਨ੍ਹਾਂ ਦਾ ਇਤਿਹਾਸ ਉਨ੍ਹਾਂ ਦੀਆਂ ਲੜਾਈਆਂ ਅਤੇ ਜਰਨੈਲਾਂ ਦੀਆਂ ਕਹਾਣੀਆਂ ਨਾਲ ਭਰਿਆ ਹੋਇਆ ਹੈ। ਉਹਨਾਂ ਦੇ ਕਿਲੇ ਹੁਣ ਸਿੱਖਾਂ ਦੀ ਮਾਣਮੱਤੀ ਵਿਰਾਸਤ ਬਣ ਚੁੱਕੇ ਹਨ। ਫੌਜ ਲਈ ਸਿੱਖਾਂ ਦਾ ਪਿਆਰ ਵਿਸ਼ਵ ਯੁੱਧਾਂ ਵਿੱਚ ਕੈਨੇਡੀਅਨ ਸੈਨਿਕਾਂ ਵਜੋਂ ਅਤੇ ਬਾਅਦ ਵਿੱਚ RCMP ਦੀ ਸੇਵਾ ਦੇ ਰੂਪ ਵਿਚ ਸਾਹਮਣੇ ਆਇਆ।

## ਸਿਖਾਂ ਦੀ ਬਹਾਦੁਰੀ ਨੂੰ ਮਾਨਤਾ

ਕੈਨੇਡਾ ਦੇ ਪਹਿਲੇ ਪ੍ਰਧਾਨ ਮੰਤਰੀ ਸਰ ਜੌਹਨ ਮੈਕਡੋਨਲਡ (Sir John A Macdonald) ਨੇ ਕੈਨੇਡਾ ਵਿੱਚ ਸਾਡੀ ਵਿਰਾਸਤ ਦੇ ਇਤਿਹਾਸ ਦੀ ਸ਼ੁਰੂਆਤ ਕੀਤੀ। ਉਸੇ ਸਾਲ ਤੋਂ ਸਿੱਖ ਵਿਰਾਸਤੀ ਮਹੀਨਾ ਮਨਾਇਆ ਜਾਂਦਾ ਹੈ ਜਦੋਂ ਕੈਨੇਡਾ ਆਪਣਾ 150-ਵਾਂ ਜਨਮ ਦਿਨ ਮਨਾਉਂਦਾ ਹੈ। ਕੈਨੇਡਾ ਨੂੰ ਇੱਕ ਨਵੇਂ ਦੇਸ਼ ਵਜੋਂ ਸਥਾਪਿਤ ਕਰਨ ਤੋਂ ਬਾਅਦ, ਉਨ੍ਹਾਂ ਨੇ 1867 ਵਿੱਚ ਸਰ ਹੈਨਰੀ ਸਮਨਰ ਮੇਨ (Sir Henry Sumner Maine) ਨੂੰ ਲਿਖਿਆ ਸੀ ਕਿ ਭਾਰਤ ਉਸਨੂੰ (ਅਮਰੀਕਾ ਤੋਂ) ਬਚਾਉਣ ਲਈ ਇੱਕ "**ਸਿੱਖਾਂ ਦੀ ਫੌਜ**" (An Army of Sikhs) ਭੇਜ ਕੇ ਸਾਡੀ ਸੇਵਾ ਕਰ ਸਕਦਾ ਹੈ"।

https://shmc.ca/events-exhibitions/army-of-sikhs

ਕੈਨੇਡਾ ਦੇ ਇੱਕ ਸਿੱਖ ਹੈਰੀਟੇਜ ਮਿਊਜ਼ੀਅਮ (Sikh Heritage Museum) ਦੀ ਸਥਾਪਨਾ 2011 ਵਿੱਚ ਐਬਟਸਫੋਰਡ, ਬੀ ਸੀ ਵਿੱਚ 'ਗੁਰ ਸਿੱਖ ਟੈਂਪਲ' ਦੇ ਸ਼ਤਾਬਦੀ ਵਰ੍ਹੇ (Centennial Year) ਵਿਚ ਕੀਤੀ ਗਈ ਸੀ। ਅਜਾਇਬ ਘਰ ਗ਼ਦਰ ਇਨਕਲਾਬ, ਸਿੱਖ ਨਾਰੀਵਾਦ, ਕਾਮਾਗਾਟਾ ਮਾਰੂ ਦੁਖਾਂਤ ਅਤੇ ਹੋਲਾ ਮੁਹੱਲਾ ਦੇ ਤਿਉਹਾਰ ਵਰਗੀਆਂ ਕਈ ਪ੍ਰਮੁਖ ਘਟਨਾਵਾਂ ਨੂੰ ਪ੍ਰਦਰਸ਼ਿਤ ਕਰਦਾ ਹੈ।

## ਸਿੱਖਾਂ ਦਾ ਖੇਤੀ ਨਾਲ ਸੰਬੰਧ

ਖੇਤੀਬਾੜੀ ਸਦੀਆਂ ਤੋਂ ਸਿੱਖਾਂ ਦਾ ਮੁੱਖ ਕਿੱਤਾ ਰਿਹਾ ਹੈ। ਉਨ੍ਹਾਂ ਦੀ ਭਾਸ਼ਾ (ਪੰਜਾਬੀ), ਪਰਿਵਾਰਕ ਜੀਵਨ, ਸਾਹਿਤ, ਸੱਭਿਆਚਾਰ ਅਤੇ ਵਿਰਸਾ ਖੇਤੀ ਦੇ ਆਲੇ-ਦੁਆਲੇ ਘੁੰਮਦਾ ਹੈ। ਅਪ੍ਰੈਲ ਵਾਢੀ ਦਾ ਮਹੀਨਾ ਹੈ ਅਤੇ ਉਨ੍ਹਾਂ ਦੇ ਗੀਤਾਂ ਅਤੇ ਨਾਚਾਂ ਦੇ ਮੁੱਖ ਵਿਸ਼ੇ (ਪੁਰਸ਼ਾਂ ਲਈ ਭੰਗੜਾ ਅਤੇ ਔਰਤਾਂ ਲਈ ਗਿੱਧਾ) ਫਸਲਾਂ ਨਾਲ ਜੁੜੇ ਹੋਏ ਹਨ। ਕੈਨੇਡਾ ਆਏ ਸਿੱਖ ਆਪਣੇ ਨਾਲ ਖੇਤੀਬਾੜੀ ਦਾ ਪਿਆਰ ਲੈ ਕੇ ਆਏ ਅਤੇ ਇਸ ਦੇਸ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਜੰਗਲਾਂ ਤੇ ਖੇਤਾਂ ਵਿੱਚ ਸਖ਼ਤ ਮਿਹਨਤ ਕੀਤੀ।

## ਸਿੱਖ ਸੱਭਿਆਚਾਰ ਦੀਆਂ ਚੁਣੌਤੀਆਂ

ਸਿੱਖ ਸੱਭਿਆਚਾਰ ਦੀਆਂ ਚੁਣੌਤੀਆਂ (Challenges) ਵਿੱਚ ਉਨ੍ਹਾਂ ਦੀ ਪਛਾਣ (Identity) , ਧਾਰਮਿਕਤਾ (Religiosity and Sikh Faith) ਅਤੇ ਭਾਈਚਾਰਾ (Community Relations) ਸਤਾਪਤ ਕਰਨ ਲਈ ਸੰਘਰਸ਼ ਸ਼ਾਮਲ ਹੈ। ਬਜ਼ੁਰਗ ਰੋਲ ਮਾਡਲ ਬਣ ਕੇ ਘਰ ਅਤੇ ਜਨਤਕ ਤੌਰ 'ਤੇ 'ਆਪਣੀ ਪਛਾਣ' ਦੇ ਵਿਵਾਦਾਂ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਦੇ ਹਨ। ਆਪਣੀ ਧਾਰਮਿਕਤਾ ਨੂੰ ਬਰਕਰਾਰ ਰੱਖਣ ਲਈ ਘਰਾਂ ਅਤੇ ਗੁਰਦੁਆਰਿਆਂ ਵਿੱਚ ਮਾਂ ਬੋਲੀ (ਪੰਜਾਬੀ) ਅਤੇ ਧਰਮ ਨਾਲ ਸਬੰਧ ਕਾਇਮ ਰੱਖਣਾ ਜ਼ਰੂਰੀ ਹੈ। ਇਸ ਦੇ ਲਈ ਪੜ੍ਹੇ-ਲਿਖੇ, ਧਰਮੀ ਅਤੇ ਨਿਸ਼ਠਾਵਾਨ ਪ੍ਰਚਾਰਕਾਂ ਦੀ ਲੋੜ ਹੈ, ਜੋ ਅੰਗਰੇਜ਼ੀ ਅਤੇ ਫਰੈਂਚ ਦੋਵੇਂ ਜਾਣਦੇ ਹਨ। ਸਿੱਖ ਕੌਮ ਪ੍ਰਤੀ ਵਫ਼ਾਦਾਰੀ ਅਤੇ ਪਰਿਵਾਰਕ ਕਦਰਾਂ-ਕੀਮਤਾਂ ਦਾ ਸਤਿਕਾਰ ਸਭ ਤੋਂ ਮਹੱਤਵਪੂਰਨ ਹਨ।

ਇਕਸੁਰ ਪਰਿਵਾਰਕ ਰਿਸ਼ਤਿਆਂ ਲਈ ਅਤੇ ਇਹਨਾਂ ਤਿੰਨਾਂ (ਅਤੇ ਹੋਰ ਕਈ) ਚੁਣੌਤੀਆਂ ਦਾ ਸਾਹਮਣਾ ਕਰਨ ਲਈ, ਸਿੱਖ ਨੌਜਵਾਨ ਲੜਕੇ - ਲੜਕੀਆਂ ਨੂੰ ਸਿੱਖਾਂ ਵਿਚ ਹੀ ਵਿਆਹ ਕਰਨਾ ਚਾਹੀਦਾ ਹੈ। ਹਾਲਾਂਕਿ, ਗੈਰ-ਸਿੱਖਾਂ ਜਾਂ ਮਾਪਿਆਂ ਨਾਲ ਕੋਈ ਸੰਪਰਕ ਨਹੀਂ ਕੱਟਣਾ ਚਾਹੀਦਾ। ਇਸ ਦਾ ਉਦੇਸ਼ ਸਿੱਖ ਪਛਾਣ (Sikhi) , ਧਾਰਮਿਕ ਵਿਸ਼ਵਾਸ (Sikh Faith), ਪਰਿਵਾਰਕ ਜੀਵਨ (Family Cohesiveness) ਅਤੇ ਸਿੱਖ ਭਾਈਚਾਰੇ (Sikh Brotherhood) ਦੇ ਢਾਂਚੇ ਨਾਲ ਸਮਝੌਤਾ ਕੀਤੇ ਬਿਨਾਂ ਕੈਨੇਡੀਅਨ ਬਹੁ-ਸੱਭਿਆਚਾਰਕ ਸਮਾਜ (Multi-Cultural Society) ਨਾਲ ਏਕੀਕ੍ਰਿਤ ਹੋਣਾ ਚਾਹੀਦਾ ਹੈ।

ਮਿੰਨੀ ਕਹਾਣੀ

# ਅਹਿਸਾਸ

ਮਨਪ੍ਰੀਤ ਕੌਰ ਭਾਟੀਆ, ਫਿਰੋਜ਼ਪੁਰ (ਭਾਰਤ)

ਮੇਰੀ ਇੱਕ ਬਾਂਹ ਤਾਂ ਪਹਿਲਾ ਤੋਂ ਹੀ ਨਕਾਰਾ ਸੀ, ਤੇ ਅੱਜ ਤੋਂ ਕੁਝ ਦਿਨ ਪਹਿਲਾਂ ਮੈਂ ਅਚਾਨਕ ਵਿਹੜੇ 'ਚ ਧੜਾਕ ਦੇਣੀ ਡਿੱਗ ਪਈ ਤੇ ਮੇਰੀ ਦੂਜੀ ਬਾਂਹ ਦੀ ਹੱਡੀ ਟੁੱਟ ਗਈ। ਮੈਨੂੰ ਡਾਕਟਰ ਕੋਲ ਲੈ ਗਏ। ਬਹੁਤ ਦਰਦ ਹੋਇਆ। ਡਾਕਟਰ ਨੇ ਪਲਸਤਰ ਲਗਾ ਦਿਤਾ। ਦੋਹਾਂ ਬਾਹਵਾਂ ਨਿਕਾਰੀਆਂ ਹੋ ਗਈਆਂ ਤਾਂ ਹਰ ਪਾਸਿਓਂ ਅਸਮਰੱਥ ਹੋ ਗਈ। ਨਾ ਤਾਂ ਖੁਦ ਨਹਾ ਸਕਦੀ ਸੀ, ਨਾ ਰੋਟੀ ਖਾ ਸਕਦੀ ਸੀ। ਏਥੋਂ ਤੱਕ ਕਿ ਆਪੇ ਪਖਾਨੇ (ਲੈਟਰੀਨ) ਵੀ ਨਹੀਂ ਸੀ ਜਾ ਸਕਦੀ।

ਧੀਆਂ ਆਈਆਂ, ਆਪਣੇ ਘਰਾਂ ਦੀ ਜ਼ਿੰਮੇਵਾਰੀਆਂ ਬਾਰੇ ਦਸਦੀਆਂ, ਹਾਲ ਪੁੱਛ ਕੇ ਚਲੀਆਂ ਗਈਆਂ। ਨੂੰਹ ਸੁਵਖਤੇ ਉੱਠਦੀ, ਮੇਰੀਆਂ ਛੋਟੀਆਂ ਛੋਟੀਆਂ ਦੋਵੇਂ ਪੋਤੀਆਂ ਨੂੰ ਨੁਹਾ ਕੇ ਫਿਰ ਮੈਨੂੰ ਨੁਹਾਉਂਦੀ। ਮੇਰੇ ਕੱਪੜੇ ਪਾਉਂਦੀ, ਵਾਲ ਵਾਹੁੰਦੀ ਤੇ ਰੋਟੀ ਬਣਾ ਕੇ ਖੁਆਉਂਦੀ। ਮਗਰੋਂ ਘਰ ਦੇ ਹੋਰ ਕੰਮਾਂ ਕਾਰਾਂ 'ਚ ਰੁੱਝ ਜਾਂਦੀ।

ਅੱਜ ਰਾਤ ਵੀ ਕੰਮ ਤੋਂ ਥੱਕੀ ਟੁੱਟੀ ਨੂੰਹ ਪਲੇਟ ਲੈ ਮੇਰੇ ਮੂਹਰੇ ਬਹਿ ਗਈ ਤੇ ਮੇਰੇ ਮੂੰਹ 'ਚ ਇੱਕ ਇੱਕ ਬੁਰਕੀ ਪਾਉਣ ਲੱਗੀ। ਉਸ ਨੂੰ ਇੰਝ ਕਰਦਾ ਦੇਖ ਮੇਰੀਆਂ ਅੱਖਾਂ ਭਿੱਜ ਗਈਆਂ। ਇਸ ਤੋਂ ਪਹਿਲਾਂ ਕਿ ਨੂੰਹ ਦੇਖਦੀ ਮੈਂ ਆਪਣਾ ਮੂੰਹ ਛਿਪਾ ਲਿਆ। ਰੋਟੀ ਖਵਾ ਕੇ ਉਹ ਹਰ ਰੋਜ਼ ਵਾਂਗ ਭਾਂਡੇ ਮਾਂਜਣ ਦੇ ਆਹਰ ਲੱਗ ਗਈ।

ਮੇਰੀ ਆਤਮਾ ਮੈਨੂੰ ਲਾਹਨਤਾਂ ਪਾਉਣ ਲੱਗੀ। ਏਹ ਜਦ ਨਵੀਂ ਵਿਆਹੀ ਆਈ ਸੀ, ਮੈਂ ਸਾਰਾ ਦਿਨ ਲੱਠ ਲੈ ਕੇ ਇਸ ਦੇ ਮਗਰ ਪਈ ਰਹਿੰਦੀ। ਇਸ ਦੀ ਹਰ ਛੋਟੀ ਵੱਡੀ ਗ਼ਲਤੀ ਲਈ ਮੈਂ ਇਸਨੂੰ ਖੂਬ ਝਿੜਕਦੀ। ਜਿਹੜਾ ਘਰੇ ਆਉਂਦਾ ਉਸ ਅੱਗੇ ਇਸ ਦੀ ਰੱਜ ਕੇ ਬੁਰਾਈ ਕਰਦੀ। ਇਸ ਦੇ ਹਰ ਕੰਮ 'ਚ ਨੁਕਸ ਕੱਢ ਕੇ ਪਤੀ ਤੇ ਪੁੱਤ ਦੇ ਕੰਨ ਭਰਦੀ। ਮੈਂ ਤਾਂ ਨੂੰਹ-ਪੁੱਤ ਦਰਮਿਆਨ ਦੂਰੀਆਂ ਏਨੀਆਂ ਵਧਾ ਦਿੱਤੀਆਂ ਕਿ ਮੇਰਾ ਪੁੱਤ ਇਸ ਤੋਂ ਅੱਡ ਹੋਣ ਲਈ ਤਿਆਰ ਬੈਠਾ ਸੀ। ਪਰ ਰੱਬ ਨੇ ਇਹ ਨਾ ਹੋਣ ਦਿੱਤਾ।



ਤੇ ਫਿਰ ਇਸ ਦੀਆਂ ਧੀਆਂ (ਮੇਰੀਆਂ ਪੋਤਰੀਆਂ) ਜੰਮਣ ਤੇ ਵੀ ਤਾਹਨੇ ਮਾਰ ਮਾਰ ਮੈਂ ਇਸ ਨੂੰ ਨਿੱਤ ਰੁਆਇਆ। ਪਰ ਇਹ ਰੱਬ ਦੀ ਬੰਦੀ ਮੂਹਰੋਂ ਇਕ ਲਫ਼ਜ਼ ਤਕ ਨਹੀਂ ਬੋਲੀ। ਤੇ ਅੱਜ ਮੇਰੀ ਉਹੀ ਨੂੰਹ ਬੱਚਿਆਂ ਵਾਂਗ ਮੇਰੀ ਲੈਟਰੀਨ ਵੀ ਧੋਂਦੀ ਏ। ਜ਼ਰਾ ਨੱਕ ਮੂੰਹ ਨਹੀਂ ਚੜ੍ਹਾਉਂਦੀ। ਤੇ ਮੈਂ ਸ਼ਰਮ ਦੀ ਮਾਰੀ ਇਸ ਨਾਲ ਨਜ਼ਰਾਂ ਵੀ ਨਹੀਂ ਮਿਲਾ ਪਾਉਂਦੀ।

ਸੋਚਦੀ ਹਾਂ, ਜੇ ਮੈਂ ਆਪਣੀ ਢਿੱਡੋਂ ਜੰਮੀ ਧੀ ਦੀ ਵੀ ਏਨੀ ਦੁਰਗਤ ਕੀਤੀ ਹੁੰਦੀ ਤਾਂ ਉਹ ਵੀ ਮੇਰੇ ਤੋਂ ਪਾਸਾ ਵੱਟ ਜਾਂਦੀ। ਨਹੀਂ, ਨੂੰਹਾਂ ਬੇਗਾਨੀਆਂ ਨਹੀਂ ਹੁੰਦੀਆਂ। ਉਹ ਤਾਂ ਪੁੱਤਾਂ ਤੋਂ ਵੀ ਵੱਧ ਆਪਣੀਆਂ ਬਣ ਜਾਂਦੀਆਂ ਨੇ। ਬੱਸ ਉਨ੍ਹਾਂ ਨੂੰ ਆਪਣਾ ਬਨਾਉਣ ਦੀ ਲੋੜ ਹੁੰਦੀ ਏ। ਉਹ ਪਰਾਈਆਂ ਬਿਲਕੁਲ ਨਹੀਂ ਹੁੰਦੀਆਂ। ਅੱਜ ਇਸ ਗੱਲ ਦਾ ਅਹਿਸਾਸ ਮੈਨੂੰ ਧੁਰ ਅੰਦਰੋਂ ਹੋ ਚੁੱਕਾ ਸੀ।

## ਆਲ੍ਹਣਾ

ਰਾਜਵਿੰਦਰ ਕੌਰ ਵਿੜਿੰਗ, ਫਰੀਦਕੋਟ (ਭਾਰਤ)

ਹਰੜ ਦੇ ਦਰੱਖਤ ਹੇਠੋਂ ਸੁੱਕੇ ਪੱਤਿਆਂ ਨੂੰ ਸੰਭਰਦਿਆਂ ਇੱਕ ਨਿੱਕਾ ਜਿਹਾ ਚਿੱਟੇ ਰੰਗ ਦਾ ਆਂਡਾ ਬਹੁਕਰ ਨਾਲ ਦੂਰ ਜਾਹ ਰੁੜਿਆ। ਉਸ ਆਂਡੇ ਨੂੰ ਗੌਹੁ ਨਾਲ ਵੇਖਿਆ ਤੇ ਵਾਹਿਗੁਰੂ ਦਾ ਲੱਖ ਸ਼ੁਕਰ ਕੀਤਾ ਕੇ ਟੁੱਟਣੋਂ ਬਚ ਗਿਆ। ਹਰੜ ਦੇ ਸੰਘਣੇ ਪੱਤਿਆਂ ਵਿੱਚ ਉਤਾਂਹ ਨੂੰ ਨਿਗਾਹ ਮਾਰੀ ਤਾਂ ਇੱਕ ਮੋਟੇ ਜਿਹੇ ਡੱਕਿਆਂ ਦਾ ਖਿੱਲਰਿਆ ਜਿਹਾ ਆਲ੍ਹਣਾ ਵੇਖਿਆ। ਉਸ ਆਂਡੇ ਨੂੰ ਚੁੱਕ ਕੇ ਉਸ ਆਲਣੇ ਵਿੱਚ ਰੱਖਣ ਲਗੀ ਤਾਂ ਉਸ ਵਿੱਚ ਹੋਰ ਆਂਡਾ ਦਿਸ ਗਿਆ। ਨਿੱਕੀ ਜਿਹੀ ਕਾਲੀ ਚੁੰਝ ਵਾਲੀ ਚਿੜੀ, ਪਤਾ ਨਹੀਂ ਕਿੱਥੋਂ ਆਈ ਤੇ ਆਪਣੀ ਸੁੰਦਰ ਮਨ ਨੂੰ ਮੋਹਣ ਵਾਲੀ ਆਵਾਜ਼ ਕੱਢਣ ਲੱਗੀ। ਉੱਡਦੀ ਅਖੀਰ ਇੱਕ ਟਾਹਣੀ ਤੇ ਚੁੱਪ ਕਰ ਬੈਠ ਗਈ।

ਸ਼ਾਇਦ ਉਸ ਨੇ ਹਮਦਰਦੀ ਨੂੰ ਸਮਝ ਲਿਆ ਜਾਂ ਬੇਵੱਸ ਚੁੱਪ ਹੋ ਗਈ। ਮੈਂ ਉਹ ਆਂਡਾ ਵਿਰਲੇ ਜਿਹੇ ਡੱਕਿਆਂ ਵਿੱਚ ਮਸਾਂ ਟਿਕਾਇਆ। ਚਿੜੀ ਤੇ ਆਂਡਿਆਂ ਵਿਚਕਾਰ ਜੋ ਮੈਂ ਮਹਿਸੂਸ ਕੀਤਾ ਓਹ ਸੀ ਉੱਥੇ ਉਸ ਅਕਾਲ ਪੁਰਖ ਦੀ ਰਚਨਾ ਦਾ ਅਜੀਬ ਵਰਤਾਰਾ। ਕਿਸੇ ਅਦਿੱਖ ਸ਼ਕਤੀ ਦਾ ਸਹਾਰਾ ਪ੍ਰਤੱਖ ਪ੍ਰਤੀਤ ਹੋਇਆ। ਪੱਤਿਆਂ ਦੀ ਛੱਤ ਹੇਠ ਮੀਂਹ, ਝੱਖੜ, ਠੰਡ, ਗਰਮੀ, ਹਨੇਰੀ ਵਿਚ ਇਹ ਬੇਜ਼ਾਬਾਨੇ ਪੰਛੀ ਤੇ ਬੱਚੇ ਕਿੰਝ ਸਮਾ ਕੱਢਦੇ ਹਨ, ਭੋਜਨ ਦੀ ਤਲਾਸ਼ ਕਰਦੇ ਹਨ ਤੇ ਜਿੰਦਾ ਰਹਿੰਦੇ ਹਨ।

ਸਾਡੇ ਕੋਲ ਅਨੇਕਾਂ ਸਹੂਲਤਾਂ ਹਨ। ਖਾਣ-ਪੀਣ ਲਈ ਪਦਾਰਥ, ਕਈ ਸਾਧਨ ਤੇ ਕੁਦਰਤੀ ਆਫਤਾਂ ਦਾ ਮੁਕਾਬਲਾ ਕਰਨ ਲਈ ਹਸਪਤਾਲ, ਦਵਾਈਆਂ, ਪਤਾ ਨਹੀਂ ਕੀ ਕੁਝ ਹੈ ਪਰ ਅਸੀਂ ਫਿਰ ਵੀ ਉਸ ਅਕਾਲ ਪੁਰਖ ਦੀ ਰਜ਼ਾ ਤੇ ਨਾਖੁਸ਼, ਭਟਕਣਾ ਵਾਲਾ ਜੀਵਨ ਬਤੀਤ ਕਰ ਰਹੇ ਹੈ। ਮਨੁੱਖ ਦੀ ਪਦਾਰਥਾਂ ਦੀ ਦੌੜ ਨੇ ਸ਼ੈਤਾਨੀ ਆਤਮਾ ਦਾ ਰੂਪ ਧਾਰਨ ਕਰ ਲਿਆ ਹੈ ਤੇ ਦਿਨ ਰਾਤ ਬੇਚੈਨ ਹਿੱਲ੍ਹੇ ਹੋਏ ਦਿਮਾਗ ਵਾਲਿਆਂ ਵਾਂਗ ਭੱਜਿਆ ਜਾ ਰਿਹਾ ਹੈ। ਦੂਜੇ ਪਾਸੇ ਉਹਨਾਂ ਬੇਜੁਬਾਨਿਆਂ, ਜੀਵ ਪਰਿੰਦਿਆ ਕੋਲ ਸਕੂਨ ਹੀ ਸਕੂਨ ਹੈ। ਉਹ ਸਿਰਜਣਹਾਰ ਦੇ ਭੈਅ ਵਿੱਚ ਹਨ। ਸ਼ਾਤੀ ਵਿੱਚ ਰਹਿਕੇ ਹੱਦਾਂ ਸਰਹੱਦਾਂ ਤੋਂ ਬੇਪ੍ਰਵਾਹ ਮੌਜ ਆਨੰਦ ਵਿੱਚ ਹਨ।



ਕਦਰਤ ਉੱਤੇ ਮਨੁੱਖ ਨੇ ਕਬਜ਼ਾ ਕਰ ਖਿਲਵਾੜ ਕਰਨਾ ਸਿੱਖ ਲਿਆ ਹੈ। ਹੋਰ ਜੀਵਾਂ ਦੇ ਰੈਣ ਬਸੇਰੇ ਨੂੰ ਆਪਣੇ ਮਤਲਬ ਲਈ ਖਤਮ ਕਰਦਾ ਜਾ ਰਿਹਾ ਹੈ। ਸਿਰਜਣਹਾਰ ਨੇ ਇਹਨਾਂ ਨੂੰ ਵੀ ਬਰਾਬਰ ਦੇ ਹੱਕਦਾਰ ਬਣਾਇਆ ਹੈ।

ਹੋ ਸਕਦਾ ਹੈ, ਸਾਡੀ ਆਤਮਾ ਨੇ ਵੀ ਕਦੇ ਇਹਨਾਂ ਆਲ੍ਹਣਿਆਂ ਵਿੱਚ ਜੀਵਨ ਬਸਰ ਕੀਤਾ ਹੋਵੇ ਜਾਂ ਅਗਾਂਹ ਦੀ ਤਿਆਰੀ ਹੋਵੇ, ਰੱਬ ਜਾਣਦਾ ਹੈ, ਪਰ ਅਸੀਂ ਮਖਮਲੀ ਪੁਸ਼ਾਕਾਂ ਵਾਲੇ, ਚਤੁਰ ਸਿਆਣੇ ਉਸ ਕਾਦਰ ਦੀ ਕੁਦਰਤ ਮੂਹਰੇ ਬਹੁਤ ਛੋਟੇ ਤੇ ਨਾ-ਸ਼ੁਕਰੇ ਲੱਗੇ। ਜਿਹੜੇ ਉਸ ਸਿਰਜਣਹਾਰ ਨੂੰ ਸਮਝ ਨਹੀਂ ਸਕੇ ਅਤੇ ਖੁਦ ਰੱਬ ਬਣ ਬੈਠੇ ਹਾਂ। ਸਭ ਦਾ ਪਾਲਣਹਾਰ ਉਹ ਸਰਬ ਅਕਾਲ ਪੁਰਖ ਹੈ ਪਰ ਅਸੀਂ ਬੇਵਜ੍ਹਾ ਹੀ ਭਟਕਣਾ ਵਿੱਚ ਫਸੇ ਹੋਏ ਹਾਂ।

ਮਨ ਇਹੀ ਕਾਮਨਾ ਕਰਦਾ ਹੈ, ਐ ਰੱਬਾ ! ਕਿਤੇ ਮਨੁੱਖ ਨੂੰ ਵੀ ਇਹਨਾਂ ਬੇਜ਼ੁਬਾਨ ਧਰਤੀ ਦੇ ਹੱਕਦਾਰ ਜਾਨਵਰਾਂ ਪੰਛੀਆਂ ਜਿੰਨਾਂ ਸਬਰ ਸਿਦਕ ਦੇ। ਅਸੀਂ ਵੀ ਇਹਨਾਂ ਵਾਂਗ ਸ਼ਾਤ ਚਿੱਤ ਜੀਵਨ ਬਸਰ ਕਰਕੇ ਤੁਰਦੇ ਬਣੀਏ। ਉਹਨਾਂ ਦੇ ਰਹਿਣ ਲਈ ਵੀ ਬਣਦਾ ਹੱਕ ਛੱਡੀਏ!

**ਫਰੀਦਾ ਹਉ ਬਲਿਹਾਰੀ ਤਿਨ ਪੰਖੀਆਂ ਜੰਗਲਿ ਜਿਨ੍ਹਾਂ ਵਾਸ॥ ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥ਸ੍ਰੀ ਗੁਰੂ ਗ੍ਰੰਥ ਸਾਹਿਬ – ਅੰਗ 1383॥**

# ਸਰਦਾਰ ਦੀ ਪੱਗ (ਆਪ-ਬੀਤੀ)






ਰਿਪਨਜੋਤ ਕੌਰ ਬੱਗਾ ਸੋਨੀ, ਪਟਿਆਲਾ (ਭਾਰਤ) 9878753423

ਫੌਜ ਵਿਚ ਪੱਗ ਵਾਲੇ ਸਰਦਾਰ ਦੂਰੋਂ ਹੀ ਪਛਾਣੇ ਜਾਂਦੇ ਹਨ ਤੇ ਫੱਬਦੇ ਵੀ ਖੂਬ ਹਨ। ਦੂਜੇ ਰਾਜਾਂ ਦੇ ਲੋਕ ਤੇ ਖਾਸ ਕਰਕੇ ਪੰਜਾਬ ਦੇ ਲੋਕ ਬਹੁਤ ਇੱਜ਼ਤ ਕਰਦੇ ਹਨ। ਇਕ ਵਾਰੀ ਮੈਂ ਆਟੋ ਤੇ ਬੈਠੀ ਦੂਖਨਿਵਾਰਨ ਸਾਹਿਬ ਜਾ ਰਹੀ ਸੀ ਸਾਡੇ ਕੋਲੋਂ ਫੌਜ ਦੀਆਂ ਗੱਡੀਆਂ ਦੀ ਕਾਨਵਾਈ ਲੰਘ ਰਹੀ ਸੀ। ਇੱਕ ਛੋਟਾ ਤਿੰਨ ਚਾਰ ਸਾਲ ਦਾ ਮੁੰਡਾ ਸਿੱਖ ਫੌਜੀਆਂ ਦੇ ਟਰੱਕ ਨੂੰ ਦੇਖ ਕੇ ਹੱਥ ਹਿਲਾਉਣ ਲਗ ਪਿਆ, ਕਹਿੰਦਾ ਮੇਰਾ ਫੋਜੀ ਮਾਮਾ ਵੀ ਇਹੋ ਜਿਹਾ ਹੀ ਲਗਦਾ ਹੈ।

ਕਿਸੇ ਦੀ ਸੱਚੀ ਬਾਤ ਦੱਸਦੀ ਹਾਂ। ਕੋਈ 18 ਕੁ ਵਰ੍ਹੇ ਪਹਿਲਾਂ ਕਿਸੇ ਸਿੱਖ ਫੌਜੀ ਨੂੰ ਸਿਰ ਦੇ ਇਕ ਪਾਸੇ ਸੱਟ ਵੱਜ ਗਈ ਕਿਧਰੇ ਬਾਰਡਰ ਤੇ। ਸੱਤ-ਅੱਠ ਮਹੀਨੇ ਉਸ ਤੋਂ ਪੱਗ ਨਾ ਬੰਨ੍ਹੀ ਗਈ- ਕਿਉਂਕਿ ਉਸ ਪਾਸੇ ਦੀ ਬਾਂਹ ਵਿਚ ਵੀ ਸੱਟ ਲੱਗੀ ਹੋਣ ਕਰਕੇ, ਪਲਸਤਰ ਚੜ੍ਹਿਆ ਹੋਇਆ ਸੀ। ਉਸ ਦੇ ਨੌਂ ਕੁ ਮਹੀਨਿਆਂ ਦੇ ਬੱਚੇ ਨੇ ਪਿਉ ਨੂੰ ਹਮੇਸ਼ਾਂ ਬਿਨਾ ਪੱਗ ਦੇ ਹੀ ਦੇਖਿਆ ਸੀ, ਤੇ ਜਿਸ ਦਿਨ ਪਹਿਲੀ ਵੇਰਾਂ ਔਖੇ- ਸੌਖੇ ਹੋ ਕੇ ਉਸ ਨੇ ਪੱਗ ਬੰਨ੍ਹੀ ਤਾਂ ਛੋਟਾ ਬੱਚਾ ਸਾਰਾ ਦਿਨ ਪਿਉ ਦੇ ਨੇੜੇ ਨਹੀਂ ਗਿਆ। ਸੋਚਦਾ ਹੋਣਾ ਇਹ ਕੌਣ ਆ ਗਿਆ! ਪਿਓ ਨੂੰ ਸਾਹਮਣੇ ਦੇਖ ਕੇ ਰੋਈ ਜਾਵੇ!

ਕਿਸੇ ਕਾਰਨ ਕਰਕੇ ਓਸ ਦੀ ਬਾਂਹ ਨੂੰ ਠੀਕ ਹੁੰਦਿਆਂ ਚਾਰ ਸਾਲ ਲੱਗ ਗਏ- ਪਰ ਉਸ ਨੇ ਪੱਗ ਬੰਨ੍ਹਣੀ ਨਹੀਂ ਛੱਡੀ। ਇਨ੍ਹਾਂ ਸਾਰੇ ਸਾਲਾਂ ਵਿਚ ਇਕ ਲੱਕੜ ਦੇ ਸਟੂਲ ਤੇ ਲੱਤ ਰੱਖ ਕੇ, ਕੂਹਣੀ ਨੂੰ ਗੋਡੇ ਦਾ ਸਹਾਰਾ ਦੇ ਕੇ ਪੱਗ ਬੰਨ੍ਹਿਆਂ ਕਰੇ ਰੋਜ਼ ਸਵੇਰੇ। ਗੁਰੂ ਸਾਹਿਬ ਨੇ ਸਾਡੇ ਸਿਰਾਂ ਤੇ ਦਸਤਾਰ ਸਜਾ ਕੇ ਸਾਨੂੰ ਭੀੜ ਤੋਂ ਅਲੱਗ ਇੱਕ ਵੱਖਰੀ ਪਹਿਚਾਣ ਦਿੱਤੀ ਹੈ। ਸਿੱਖ ਤੇ ਦਸਤਾਰ ਇਕ ਦੂਜੇ ਵਿਚ ਜਜ਼ਬ ਹੋਏ ਪਏ ਹਨ। ਦਸਤਾਰ ਤੋਂ ਬਿਨਾ ਸਰਦਾਰ ਕਾਹਦਾ? ਇਸ ਤੋਂ ਵੱਧ ਹੋਰ ਕੁਝ ਨਹੀਂ ਕਹਿਣਾ ਚਾਹਾਂਗੀ।

## ਬਹੁਤੀਆਂ ਭਾਸ਼ਾਵਾਂ ਸਿੱਖਣ ਦੀ ਮਹੱਤਤਾ

ਰਣਸ਼ੇਰ ਰਾਜ ਸਿੰਘ, ਵਿਦਿਆਰਥੀ, ਕੈਲਗਰੀ (ਕੈਨੇਡਾ)

ਬਹੁ-ਭਾਸ਼ਾਈ ਲੋਕਾਂ ਵਿਚ ਪ੍ਰਭਾਵਸ਼ਾਲੀ ਸੰਚਾਰ, ਉੱਚ ਅਕਾਦਮਿਕ ਅਤੇ ਕਰੀਅਰ ਦੀ ਸਫਲਤਾ, ਆਪਸੀ ਮੇਲਜੋਲ ਅਤੇ ਸੰਸਾਰ ਦੀ ਬਿਹਤਰ ਸਮਝ ਵੇਖੀ ਗਈ ਹੈ। ਖੋਜ ਨਾਲ ਇਹ ਸਿੱਟਾ ਕੱਢਿਆ ਗਿਆ ਹੈ ਕਿ ਉਨ੍ਹਾਂ ਦੇ ਸਾਰੇ ਜੀਵਨ ਕਾਲ ਵਿਚ ਇਸ ਨਾਲ ਲਾਭ ਹੁੰਦਾ ਹੈ। ਇਹ ਗਿਆਨ ਸਭ ਲਈ ਫਾਇਦੇ ਵਾਲਾ ਹੁੰਦਾ ਹੈ, ਛੋਟੇ ਬੱਚਿਆਂ ਤੋਂ ਲੈ ਕੇ ਨੌਜਵਾਨ ਬਾਲਗਾਂ ਤੱਕ, ਅਤੇ ਵੱਡੀ ਉਮਰ ਦੇ ਬਜ਼ੁਰਗਾਂ ਨੂੰ ਜੋ ਮਾਨਸਿਕ ਕਮਜ਼ੋਰੀ ਦਾ ਸਾਹਮਣਾ ਕਰ ਰਹੇ ਹੁੰਦੇ ਹਨ।

ਬੱਚੇ ਦੋ ਜਾਂ ਦੋ ਤੋਂ ਵੱਧ ਭਾਸ਼ਾਵਾਂ ਸੁਣ ਕੇ ਉਲਝਣ ਵਿੱਚ ਨਹੀਂ ਪੈਂਦੇ। ਇਸ ਦੀ ਬਜਾਏ, ਉਹ ਉਹਨਾਂ ਦੁਆਰਾ ਸੁਣੀਆਂ ਜਾਣ ਵਾਲੀਆਂ ਕਈ ਭਾਸ਼ਾਵਾਂ ਨੂੰ ਸਮਝਣ ਅਤੇ ਉਹਨਾਂ ਵਿੱਚ ਫਰਕ ਕਰਨ ਦੀ ਖਾਸ ਯੋਗਤਾ ਵਿਕਸਿਤ ਕਰਦੇ ਹਨ। ਅਜਿਹੇ ਬੱਚਿਆਂ ਦੀ ਵਧੇਰੇ ਭਾਸ਼ਾਵਾਂ ਸਿੱਖਣ ਦੀ ਯੋਗਤਾ ਉਨ੍ਹਾਂ ਦੇ ਇਕੋ ਭਾਸ਼ਾ ਜਾਣਨ ਵਾਲੇ ਸਾਥੀਆਂ ਨਾਲੋਂ ਬਹੁਤ ਜ਼ਿਆਦਾ ਹੁੰਦੀ ਹੈ।

ਕੋਲੰਬੀਆ ਯੂਨੀਵਰਸਿਟੀ ਅਤੇ ਕੈਲੀਫੋਰਨੀਆ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੁਆਰਾ ਕੀਤੇ ਗਏ ਖੋਜ ਅਧਿਐਨ ਵਿੱਚ ਇਹ ਸਿੱਟਾ ਕੱਢਿਆ ਗਿਆ ਸੀ ਕਿ ਜਿਹੜੇ ਵਿਅਕਤੀ ਇੱਕ ਤੋਂ ਵੱਧ ਭਾਸ਼ਾਵਾਂ ਜਾਣਦੇ ਹਨ ਉਹਨਾਂ ਦੀ ਇੱਕ-ਭਾਸ਼ਾਈ ਮਿੱਤਰਾਂ ਦੇ ਮੁਕਾਬਲੇ ਅਕਾਦਮਿਕ ਅਤੇ ਕਰੀਅਰ ਦੀ ਸਫਲਤਾ ਵੱਧ ਹੁੰਦੀ ਹੈ। ਉਹ ਸਾਖਰਤਾ ਦੇ ਹੁਨਰ ਨੂੰ ਵਧਾ ਕੇ ਆਪਣੇ ਵਿਚਾਰਾਂ ਨੂੰ ਦੂਜਿਆਂ ਨਾਲੋਂ ਵਧੇਰੇ ਸਪਸ਼ਟ ਢੰਗ ਨਾਲ ਕਹਿ ਸਕਦੇ ਹਨ। ਇਸ ਨਾਲ ਬੁੱਧੀ ਦੀਆਂ ਯੋਗਤਾਵਾਂ ਹੋਰ ਮਜ਼ਬੂਤ ਹੁੰਦੀਆਂ ਹਨ। ਉਹਨਾਂ ਵਿਚ ਵਧੇਰੇ ਖੁੱਲ੍ਹੇ ਦਿਮਾਗ ਅਤੇ ਮੁਸ਼ਕਲ ਕੰਮਾਂ ਲਈ ਲਚਕ ਬਹੁਤ ਵਧ ਜਾਂਦੀ ਹੈ।

ਭਾਸ਼ਾਵਾਂ ਦਾ ਗਿਆਨ ਲੋਕਾਂ ਨੂੰ ਨੌਕਰੀਆਂ ਲਈ ਵਧੀਆ ਉਮੀਦਵਾਰ ਸਾਬਤ ਕਰਦਾ ਹੈ। ਉਹ ਇੱਕੋ ਸਮੇਂ ਕਈ ਕੰਮਾਂ 'ਤੇ ਧਿਆਨ ਕੇਂਦਰਿਤ ਕਰਨ ਦੇ ਯੋਗ ਹੋ ਜਾਂਦੇ ਹਨ। ਇਹ ਉਨ੍ਹਾਂ ਅਤੇ ਦੂਜੇ ਉਮੀਦਵਾਰਾਂ ਵਿਚਕਾਰ ਇੱਕ ਵੱਡਾ ਅੰਤਰ ਹੈ ਕਿਉਂਕਿ ਇਹ ਸੰਚਾਰ ਦੇ ਅੜਿੱਕੇ ਘਟਾਉਂਦਾ ਹੈ। ਬਹੁ-ਭਾਸ਼ਾਈ ਵਿਦਿਆਰਥੀ ਜੀਵਨ ਵਿਚ ਵੱਧ ਸਰਗਰਮ ਹੁੰਦੇ ਹਨ।

ਕਈ ਭਾਸ਼ਾਵਾਂ ਸਿੱਖਣ ਨਾਲ ਅਰਥਪੂਰਨ ਗੱਲਬਾਤ ਹੋ ਸਕਦੀ ਹੈ। ਸੰਚਾਰ ਦੇ ਅੰਤਰ ਦੇ ਕਾਰਨ, ਮਾਨਸਿਕ ਬਿਮਾਰੀਆਂ (ਜਿਵੇਂ ਡਿਪਰੈਸ਼ਨ) ਅਤੇ ਸਮਾਜਿਕ ਚਿੰਤਾਵਾਂ ਵਧਦੀਆਂ ਹਨ। ਉਹਨਾਂ ਦੀ ਦਿਮਾਗੀ ਰਿਕਵਰੀ ਦਰ ਇੱਕ ਭਾਸ਼ਾਂ ਜਾਣਨ ਵਾਲਿਆਂ ਨਾਲੋਂ ਦੁੱਗਣੀ ਹੁੰਦੀ ਹੈ।

ਯੌਰਕ ਯੂਨੀਵਰਸਿਟੀ (ਟੋਰਾਂਟੋ) ਵਿਖੇ, ਵਿਗਿਆਨੀਆਂ ਨੇ ਪਾਇਆ ਕਿ ਦੋ-ਭਾਸ਼ੀ ਲੋਕਾਂ ਵਿੱਚ ਅਲਜ਼ਾਈਮਰ ਦੇ ਲੱਛਣ ਆਮ ਲੋਕਾਂ ਨਾਲੋਂ ਚਾਰ ਤੋਂ ਪੰਜ ਸਾਲਾਂ ਬਾਅਦ ਦਿਖਾਈ ਦਿੰਦੇ ਹਨ। ਬਹੁਤੀਆਂ ਭਾਸ਼ਾਵਾਂ ਦਾ ਗਿਆਨ ਵਿਅਕਤੀ ਨੂੰ ਮਾਨਸਿਕ ਤੌਰ 'ਤੇ ਤੰਦਰੁਸਤ ਰੱਖਦਾ ਹੈ। ਭਾਸ਼ਾ ਕਾਰਨ ਮੇਰੇ ਸਾਰੀਆਂ ਨਸਲਾਂ ਦੇ ਬਹੁਤ ਦੋਸਤ ਬਣੇ ਹਨ ਜਿਸ ਨਾਲ ਮੇਰੀ ਸਾਰੇ ਸਭਿਆਚਾਰਾਂ ਲਈ ਕਦਰ ਵਧੀ ਹੈ, ਜੋ ਵਿਤਕਰੇ ਤੋਂ ਮੁਕਤੀ ਲਈ ਪਹਿਲਾ ਕਦਮ ਹੈ। ਇਸਨੇ ਮੇਰੇ ਵਿਸ਼ਵਾਸਾਂ ਨੂੰ ਮਜ਼ਬੂਤ ਕੀਤਾ ਅਤੇ ਧਰਮ ਬਾਰੇ ਹੋਰ ਸਿੱਖਣ ਵਿੱਚ ਸਹਾਇਤਾ ਦਿੱਤੀ ਹੈ।

ਅੰਗੇਜ਼ੀ ਤੇ ਫ੍ਰੈਂਚ ਤੋਂ ਇਲਾਵਾ, ਪੰਜਾਬੀ ਕਰਕੇ ਮੇਰਾ ਆਪਣੇ ਬਜ਼ੁਰਗਾਂ ਨਾਲ ਜੁੜਨਾ ਬੜਾ ਸੌਖਾ ਤੇ ਲਾਹੇ ਵਾਲਾ ਰਿਹਾ ਹੈ। ਉਨ੍ਹਾਂ ਦੇ ਬਚਪਨ ਅਤੇ ਜਵਾਨੀ ਦੀਆਂ ਕਹਾਣੀਆਂ ਮੇਰੀ ਕਲਪਨਾ ਨੂੰ ਅਜੂਬਿਆਂ ਨਾਲ ਭਰ ਦਿੰਦੀਆਂ ਹਨ। ਕਈ ਭਾਸ਼ਾਵਾਂ ਉਨ੍ਹਾਂ ਨਾਲ ਪਿਆਰ ਵਧਾਉਣ ਵਿੱਚ ਵੀ ਮੇਰੀ ਮਦਦ ਕਰਦੀਆਂ ਹਨ।

**References:**

1. Bialystok E, et al: Consequences for mind and brain. *Trends in Cognitive Sciences.* 2012;16:240.
2. Petitto LA, et al, "Perceptual Wedge Hypothesis" for bilingual babies', New insights from Near IR Spectrometer (NIRS) brain imaging. *Brain and Language.* 2012;121:130.

(**Note**: Please see its English version on Blog at the website *sanjhivirasat.org*)


ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ
ਛੇਵੇਂ ਪਾਤਸ਼ਾਹ
ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ
ਇੰਟਰਨੈਸ਼ਨਲ ਕਵੀ ਦਰਬਾਰ
ਸੰਚਾਲਕ:
ਬਲਰਾਜ ਸਿੰਘ
ਗੁਰਦੀਸ਼ ਕੌਰ ਕੈਲਗਰੀ
ਜਗਬੀਰ ਸਿੰਘ
ਈ ਦੀਵਾਨ ਸੁਸਾਇਟੀ ਕੈਲਗਰੀ ਵਲੋਂ ਸੰਗਤ ਦੇ ਸਹਿਯੋਗ ਨਾਲ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਔਨਲਾਈਨ ਇੰਟਰਨੈਸ਼ਨਲ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ ਜੀ- ਜਿਸ ਵਿਚ ਆਪ ਸਭ ਨੂੰ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ
ਮਿਤੀ: 27 ਜੂਨ ਐਤਵਾਰ
ਸਮਾਂ: 10:30 am ਕੈਲਗਰੀ
10 pm ਇੰਡੀਆ
Zoom link will be sent separately
ਸ਼ਾਮਲ ਹੋ ਰਹੇ ਕਵੀ ਸਾਹਿਬਾਨ-
ਬਲਵਿੰਦਰ ਸਿੰਘ ਸੰਧਾ ਯੂ ਕੇ
ਸੁਜਾਨ ਸਿੰਘ ਸੁਜਾਨ ਟੋਰੰਟੋ
ਅਵਤਾਰ ਸਿੰਘ ਤਾਰੀ ਅੰਮ੍ਰਿਤਸਰ
ਕਰਮਜੀਤ ਸਿੰਘ ਨੂਰ ਜਲੰਧਰ
ਗੁਰਵਿੰਦਰ ਸਿੰਘ ਸ਼ੇਰਗਿੱਲ
ਲੁਧਿਆਣਾ
ਸਰਬਜੀਤ ਕੌਰ ਸਰਬ
ਉਤਰਾ ਖੰਡ
ਸੁੰਦਰਪਾਲ ਕੌਰ
ਰਾਜਾਸਾਂਸੀ
ਵਿਸ਼ੇਸ਼ ਧੰਨਵਾਦ- ਸਮੂਹ ਸੰਗਤ ਇੰਡੀਆ, ਕੈਲਗਰੀ, ਟੋਰੰਟੋ, ਵੈਨਕੂਵਰ ਤੇ ਐਡਮੰਟਨ

# ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਅਤੇ ਛੇਵੇਂ ਪਾਤਸ਼ਾਹ ਦੇ ਆਗਮਨ ਪੁਰਬ ਨੂੰ ਸਮਰਪਿਤ ਕਵੀ ਦਰਬਾਰ

## ਪ੍ਰੈਸ ਨੋਟ

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਸੰਪਰਕ: 403 404 1450)

**ਈ-ਦੀਵਾਨ ਸੋਸਾਇਟੀ ਕੈਲਗਰੀ (ਕੈਨੇਡਾ)** ਵਲੋਂ, 26 ਤੇ 27 ਜੂਨ, 2021 ਨੂੰ ਦੋ ਰੋਜ਼ਾ ਔਨਲਾਈਨ ਇੰਟਰਨੈਸ਼ਨਲ ਕਵੀ ਦਰਬਾਰ ਕਰਵਾਏ ਗਏ- ਜਿਸ ਵਿੱਚ ਦੇਸ਼ ਵਿਦੇਸ਼ ਦੇ ਮਹਾਨ ਪੰਥਕ ਕਵੀਆਂ ਨੇ ਭਾਗ ਲਿਆ।

ਕਰੋਨਾ ਕਾਲ ਦੌਰਾਨ, ਪਿਛਲੇ ਡੇਢ ਕੁ ਸਾਲ ਤੋਂ ਹੋਂਦ ਵਿੱਚ ਆਈ, ਈ-ਦੀਵਾਨ ਸੋਸਾਇਟੀ ਵਲੋਂ, ਹਰ ਵੀਕ ਐਂਡ ਤੇ, ਵਿਦਵਾਨਾਂ ਵਲੋਂ ਕਿਸੇ ਧਾਰਮਿਕ ਵਿਸ਼ੇ ਤੇ ਲੈਕਚਰ ਕਰਵਾਏ ਜਾਂਦੇ ਹਨ- ਜਿਸ ਤੋਂ ਪਹਿਲਾਂ ਤੇ ਬਾਅਦ ਵਿੱਚ, ਸੰਗਤ ਵਿਚੋਂ ਹੀ ਬੱਚੇ ਕੀਰਤਨ ਦੀ ਹਾਜ਼ਰੀ ਲਗਵਾਉਂਦੇ ਹਨ। ਇਸ ਵਿੱਚ ਇੰਡੀਆ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਤੋਂ, 30 ਕੁ ਪਰਿਵਾਰ ਜੁੜ ਚੁੱਕੇ ਹਨ। ਮਾਹਿਰਾਂ ਦੇ ਵਿਚਾਰਾਂ ਤੋਂ ਬਾਅਦ, ਪ੍ਰਸ਼ਨ-ਉੱਤਰ ਹੁੰਦੇ ਹਨ ਅਤੇ ਫਿਰ ਇਹ ਵਿਚਾਰ 'ਸੰਗਤੀ ਵਿਚਾਰ' ਯੂਟਿਊਬ ਚੈਨਲ ਤੇ ਪਾ ਦਿੱਤੇ ਜਾਂਦੇ ਹਨ।

ਇਸ ਸੋਸਾਇਟੀ ਵਲੋਂ, ਦਸ਼ਮੇਸ਼ ਪਿਤਾ ਦੀ ਚਲਾਈ ਹੋਈ, ਕਵੀ ਦਰਬਾਰਾਂ ਦੀ ਪਰੰਪਰਾ ਤਹਿਤ, ਹੋਏ ਸਮਾਗਮ, ਬਹੁਤ ਸਫਲ ਰਹੇ। ਇਸ ਦੋ ਰੋਜ਼ਾ ਕਵੀ ਦਰਬਾਰ ਵਿਚ ਪਹਿਲੇ ਦਿਨ ਸ੍ਰ. ਜਗਬੀਰ ਸਿੰਘ ਨੇ ਮੰਚ ਸੰਚਾਲਨ ਦੀ ਸੇਵਾ ਕਰ ਕੇ ਇੰਡੀਆ ਤੋਂ ਦਰਬਾਰ ਦੀ ਸ਼ੁਰੂਆਤ ਕੀਤੀ।ਇਸ ਵਿੱਚ ਬ੍ਰਿਜਮਿੰਦਰ ਕੌਰ ਜੈਪੁਰ, ਚਾਹਕਪ੍ਰੀਤ ਕੌਰ ਜੈਪੁਰ, ਅਤੇ ਕੈਲਗਰੀ ਦੇ ਕਵੀ ਸਾਹਿਬਾਨ- ਗੁਰਚਰਨ ਸਿੰਘ ਹੇਅਰ, ਸਰੂਪ ਸਿੰਘ ਮੰਡੇਰ, ਬਲਵੀਰ ਸਿੰਘ ਗੋਰਾ, ਜਸਵੀਰ ਸਿੰਘ ਸਹੋਤਾ, ਗੁਰਦੀਸ਼ ਕੌਰ ਗਰੇਵਾਲ ਤੋਂ ਇਲਾਵਾ ਟੋਰੰਟੋ ਤੋਂ ਬਚਿੱਆਂ ਪਰਮਜੀਤ ਸਿੰਘ, ਅਨੁਰੀਤ ਕੌਰ, ਅਮਿਤੋਜ਼ ਕੌਰ, ਮਨਰੀਤ ਕੌਰ, ਸਿਮਰਲੀਨ ਕੌਰ, ਪ੍ਰਨੀਤ ਕੌਰ ਨੇ ਹਿੱਸਾ ਲਿਆ।

ਸਾਰੇ ਕਵੀ ਸਾਹਿਬਾਨ ਨੇ, ਆਪਣੀਆਂ ਭਾਵਪੂਰਤ ਕਵਿਤਾਵਾਂ ਤੇ ਗੀਤਾਂ ਰਾਹੀਂ, ਗੁਰੂ ਸਾਹਿਬਾਂ ਨੂੰ ਸ਼ਰਧਾ ਦੇ ਫੁੱਲ਼ ਭੇਟ ਕੀਤੇ ਜਦ ਕਿ ਡਾ ਬਲਦੇਵ ਸਿੰਘ (ਐਡਮੰਟਨ) ਨੇ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਬਾਰੇ, ਆਪਣੇ ਪਿਤਾ ਜੀ ਦੀ ਲਿਖੀ, ਖ਼ੂਬਸੂਰਤ ਰਚਨਾ ਸਾਂਝੀ ਕੀਤੀ। ਜੈਕਾਰਿਆਂ ਨਾਲ ਕਵੀਆਂ ਨੂੰ ਦਾਦ ਦਿੱਤੀ ਗਈ।

ਦੂਸਰੇ ਦਿਨ ਵੱਖ ਵੱਖ ਮੁਲਕਾਂ ਤੋਂ ਆਏ 6 ਕਵੀਆਂ ਨੇ ਭਾਗ ਲਿਆ। ਡਾਕਟਰ ਰਾਜਾ ਬਲਰਾਜ ਸਿੰਘ ਨੇ ਬਾਹਰੋਂ ਆਏ ਮਹਿਮਾਨ ਕਵੀਆਂ ਨੂੰ 'ਜੀ ਆਇਆਂ' ਕਹਿੰਦਿਆਂ ਹੋਇਆ, ਈ ਦੀਵਾਨ ਸੋਸਾਇਟੀ ਬਾਰੇ ਸੰਖੇਪ ਜਾਣਕਾਰੀ ਦਿੱਤੀ।ਸਮਾਗਮ ਦੀ ਸ਼ੁਰੂਆਤ, ਸਤਿਕਾਰਤ ਸ਼ਖਸੀਅਤ, ਪ੍ਰੋ. ਮਨਿੰਦਰ ਸਿੰਘ ਜੀ (ਐਡਮੰਟਨ) ਨੇ ਛੇਵੇਂ ਪਤਾਸ਼ਾਹ ਬਾਰੇ ਆਪਣੀ ਨਜ਼ਮ ਸੁਣਾ ਕੇ ਕੀਤੀ।

ਗੁਰਦੀਸ਼ ਕੌਰ ਨੇ ਕਵੀਆਂ ਦੀ ਜਾਣ ਪਛਾਣ ਕਰਵਾਈ। ਉਪਰੰਤ ਇੰਡੀਆ ਤੋਂ ਪਹੁੰਚੇ ਕਵੀ ਸਾਹਿਬਾਨ- ਗੁਰਵਿੰਦਰ ਸਿੰਘ ਸ਼ੇਰਗਿੱਲ ਲੁਧਿਆਣਾ, ਸਰਬਜੀਤ ਕੌਰ ਸਰਬ ਉਤਰਾਖੰਡ, ਅਤੇ ਉਸਤਾਦ ਸ਼ਾਇਰ ਕਰਮਜੀਤ ਸਿੰਘ ਨੂਰ ਜਲੰਧਰ ਨੇ, ਬੁਲੰਦ ਆਵਾਜ਼ ਵਿੱਚ ਆਪਣੇ ਗੀਤ ਸੁਣਾ ਕੇ, ਜੈਕਾਰਿਆਂ ਦੇ ਰੂਪ ਵਿੱਚ ਵਾਹਵਾ ਖੱਟੀ। ਇਸ ਤੋਂ ਬਾਅਦ ਟੋਰੰਟੋ ਤੋਂ ਆਈ ਬਹੁਪੱਖੀ ਸ਼ਖਸੀਅਤ ਦੀ ਮਾਲਕ, ਸੁੰਦਰਪਾਲ ਕੌਰ ਰਾਜਾਸਾਂਸੀ ਨੇ ਕੋਰੜਾ ਛੰਦ ਵਿੱਚ ਕਵੀਸ਼ਰੀ, ਅਤੇ ਪੰਥਕ ਕਵੀ ਸੁਜਾਨ ਸਿੰਘ ਸੁਜਾਨ ਨੇ ਵੈਰਾਗਮਈ ਕਵਿਤਾ ਸੁਣਾ ਕੇ, ਸੰਗਤ ਨੂੰ ਭਾਵੁਕ ਕਰ ਦਿੱਤਾ। ਯੂ. ਕੇ. ਤੋਂ ਆਏ ਕੈਥਲ ਦੇ ਕਵੀ, ਬਲਵਿੰਦਰ ਸਿੰਘ ਸੰਧਾ ਨੇ ਵੀ ਆਪਣੀਆਂ ਬਾਕਮਾਲ ਰਚਨਾਵਾਂ ਸਸੁਣਾਈਆਂ। ਸੁਰਾਂ ਦੇ ਬਾਦਸ਼ਾਹ ਅਵਤਾਰ ਸਿੰਘ ਤਾਰੀ ਅੰਮ੍ਰਿਤਸਰ, ਹਾਜ਼ਰ ਨਹੀਂ ਹੋ ਸਕੇ। ਡਾਕਟਰ ਸੁਰਜੀਤ ਸਿੰਘ ਭੱਟੀ ਨੇ ਆਪਣੀ ਕਵਿਤਾ ਤੇ ਗੁਰਦੀਸ਼ ਕੌਰ ਨੇ ਆਪਣਾ ਗੀਤ ਸੰਗਤ ਨਾਲ ਸਾਂਝੇ ਕੀਤੇ। ਸਮਾਗਮ ਵਿੱਚ ਕੈਨੇਡਾ ਤੇ ਇੰਡੀਆ ਤੋਂ ਭਰਵੀਂ ਗਿਣਤੀ ਵਿੱਚ ਸੰਗਤ ਨੇ ਔਨਲਾਈਨ ਹਾਜ਼ਰੀ ਭਰੀ ਅਤੇ ਇਹ ਸਰੋਤਿਆਂ ਦੇ ਮਨਾਂ ਤੇ ਅਮਿੱਟ ਛਾਪ ਛੱਡਦੇ ਹੋਏ ਸਮਾਪਤ ਹੋਏ।

## 'ਸਾਂਝੀ ਵਿਰਾਸਤ' ਦੇ ਅਪਰੈਲ ਅੰਕ ਦੇ ਲੇਖਕ

**ਡਾ: ਮਿਲਖਾ ਸਿੰਘ ਔਲਖ**, ਬੀ.ਐਸ.ਸੀ. (ਖਾਲਸਾ ਕਾਲਜ, ਅੰਮ੍ਰਿਤਸਰ), ਐਮ.ਐਸ.ਸੀ. (ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ) ਕਾਮਨਵੈਲਥ ਸਕਾਲਰ ਸਨ। ਉਨ੍ਹਾਂ ਪੀ.ਐਚ.ਡੀ. ਸਸਕੈਚਵਨ ਯੂਨੀਵਰਸਿਟੀ, ਕੈਨੇਡਾ ਤੋਂ ਮਿੱਟੀ ਜੀਵ ਵਿਗਿਆਨ ਅਤੇ ਜੀਵ-ਰਸਾਇਣ ਵਿੱਚ ਕੀਤੀ। ਨੇਬਰਾਸਕਾ ਯੂਨੀਵਰਸਿਟੀ (ਯੂ.ਐਸ.ਏ.) ਵਿੱਚ ਫੁਲਬ੍ਰਾਈਟ ਸਕਾਲਰ, ਫਿਲੀਪੀਨਜ਼, ਦੇ ਅੰਤਰਰਾਸ਼ਟਰੀ ਚੌਲ ਖੋਜ ਸੰਸਥਾਨ ਵਿੱਚ ਪ੍ਰੋਜੈਕਟ ਸਾਇੰਟਿਸਟ ਅਤੇ ਪੀ.ਏ.ਯੂ. ਵਿੱਚ ਖੇਤੀਬਾੜੀ ਕਾਲਜ ਦੇ ਡੀਨ ਸਨ। ਉਹ ਯੂਨੀਵਰਸਿਟੀ ਆਫ਼ ਐਗਰੀਕਲਚਰ ਐਂਡ ਟੈਕਨਾਲੋਜੀ (ਯੂ.ਪੀ.) ਦੇ ਬਾਨੀ ਵਾਈਸ ਚਾਂਸਲਰ ਸੀ। ਉਹ ਵਿਸ਼ਵ ਦੇ 2% ਉੱਪਰਲੇ ਵਿਗਿਆਨੀਆਂ (ਸਟੈਨਫੋਰਡ ਯੂਨੀਵਰਸਿਟੀ ਅਨੁਸਾਰ) ਵਿੱਚੋਂ ਇੱਕ ਹਨ। ਉਨ੍ਹਾਂ 30 ਦੇਸ਼ਾਂ ਵਿੱਚ ਲਗਭਗ 130 ਲੈਕਚਰ ਦਿੱਤੇ।(e-mail : msaulakh2004@yahoo.co.in).

**ਡਾ: ਕਾਬਲ ਸਿੰਘ**, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਖੇਤੀ ਵਿਭਾਗ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਡੀਨ ਕਾਲਜ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ।(e-mail: singhkabal285@gmail.com)

**ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ** ਕਵਿਤਾਵਾਂ ਅਤੇ ਲੇਖ ਲਿਖਦੇ ਹਨ, ਜੋ ਦੁਨੀਆਂ ਭਰ ਵਿੱਚ ਛਪਦੇ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।(e-mail : gurdish.grewal@gmail.com).

**ਪ੍ਰੋ: ਮਨਿੰਦਰ ਸਿੰਘ,** ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ। ਬਾਅਦ ਵਿਚ ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤੀ। (Web: http://www.mypanorama.ca.)

**ਡਾ: ਕਾਲਾ ਸਿੰਘ**, ਮੌਲਾਨਾ ਆਜ਼ਾਦ ਮੈਡੀਕਲ ਕਾਲਜ, ਨਵੀਂ ਦਿੱਲੀ, ਤੋਂ ਮੈਡੀਕਲ ਗ੍ਰੈਜੂਏਟ ਹਨ। ਸਿੱਖ ਅਧਿਆਤਮਿਕਤਾ ਅਤੇ ਮਾਨਸਿਕ ਸਿਹਤ ਸਲਾਹ ਦੇ ਖੇਤਰ ਵਿਚ ਜਨੂੰਨ ਨਾਲ ਕੰਮ ਕਰ ਰਹੇ ਹਨ। ਉਹਨਾਂ ਨੇ ਆਪਣੀ ਖੋਜ ਨੂੰ ਇੱਕ ਮੈਡੀਕਲ ਜਰਨਲ "ਸਪਿਰਿਚੁਅਲਿਟੀ ਐਂਡ ਹੈਲਥ ਇੰਟਰਨੈਸ਼ਨਲ" ਅਤੇ ਇੱਕ ਕਿਤਾਬ "ਗੁਰਮਤਿ ਸਿਧਾਂਤ" (ਭਾਗ-1, (Amazon.com) ਉੱਤੇ ਪ੍ਰਕਾਸ਼ਿਤ ਕੀਤਾ। ਉਨ੍ਹਾਂ ਨੂੰ ਬ੍ਰਿਟਿਸ਼ ਪਾਰਲੀਮੈਂਟ ਵਿੱਚ ਪ੍ਰਵਾਸੀ ਭਾਰਤੀਆਂ ਦੀ ਗਲੋਬਲ ਕਨਵੈਨਸ਼ਨ ਵਿੱਚ "ਪ੍ਰਵਾਸੀ ਰਤਨ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਬੀ. ਸੀ. (ਕੈਨੇਡਾ) ਦੀ ਮਲਟੀ-ਫੇਥ ਕੌਂਸਲ ਦੇ ਕਾਰਜਕਾਰੀ ਮੈਂਬਰ (ਸਕੱਤਰ) ਹਨ। (e-mail: kala.singh18@gmail.com)

**ਡਾ: ਦਵਿੰਦਰ ਸਿੰਘ ਸੇਖੋਂ**, ਭਾਰਤ ਤੋਂ ਐਮ.ਐਸ.ਸੀ. (ਕੈਮਿਸਟ੍ਰੀ) ਅਤੇ ਕੈਲੀਫੋਰਨੀਆ ਯੂਨੀਵਰਸਿਟੀ ਤੋਂ (ਕੈਮਿਸਟ੍ਰੀ ਅਤੇ ਵਿਦਿਅਕ ਪ੍ਰਸ਼ਾਸਨ ਵਿੱਚ) ਪੀ.ਐਚ.ਡੀ. ਹਨ। ਉਹ 2009 ਵਿੱਚ ਪ੍ਰੋਫ਼ੈਸਰ ਵਜੋਂ ਸੇਵਾਮੁਕਤ ਹੋਏ ਅਤੇ ਉਨ੍ਹਾਂ ਨੇ ਸਿੱਖ ਧਰਮ ਬਾਰੇ 9 ਕਿਤਾਬਾਂ, ਬਹਤ ਸਾਰੇ ਖੋਜ ਲੇਖ ਅਤੇ ਕਾਨਫਰੰਸ ਪੇਪਰ ਲਿਖੇ ਹਨ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰ ਰਹੇ ਹਨ। (Web : www.gurbanisandesh.com).

**ਸਰਦਾਰ ਹਰਪ੍ਰੀਤ ਸਿੰਘ ਗਿੱਲ** ਪਿਛਲੇ 20 ਸਾਲਾਂ ਤੋਂ ਮੈਰੀਲੈਂਡ (ਅਮਰੀਕਾ) ਵਿੱਚ ਕਾਰੋਬਾਰ ਕਰ ਰਹੇ ਹਨ। ਇਸ ਤੋਂ ਪਹਿਲਾਂ ਉਹ ਲੁਧਿਆਣਾ ਵਿੱਚ ਇੱਕ ਬੈਂਕ ਵਿੱਚ ਚੀਫ਼ ਮੈਨੇਜਰ ਵਜੋਂ ਕੰਮ ਕਰਦੇ ਸੀ। ਗਿੱਲ ਨੇ ਇਕ ਕਾਵਿ ਪੁਸਤਕ ਪ੍ਰਕਾਸ਼ਿਤ ਕੀਤੀ ਹੈ। (email : Hgill26@gmial.com.)

**ਪ੍ਰੋਫ਼ੈਸਰ (ਡਾ.) ਸੁਰਜੀਤ ਸਿੰਘ ਭੱਟੀ** ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁਖੀ (ਭੌਤਿਕ ਵਿਗਿਆਨ) ਅਤੇ ਡੀਨ (ਸਾਇੰਸਜ਼) ਅਤੇ ਬਾਅਦ ਵਿੱਚ ਅਦੇਸ਼ ਇੰਜੀਨੀਅਰਿੰਗ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਰਹੇ। ਸਿਖਲਾਈ/ਕਾਨਫ਼ਰੰਸਾਂ ਲਈ ਇਟਲੀ, ਇੰਗਲੈਂਡ, ਫਰਾਂਸ, ਅਮਰੀਕਾ ਅਤੇ ਹਾਂਗਕਾਂਗ ਦਾ ਦੌਰਾ ਕੀਤਾ, 12 ਪੀ.ਐਚ.ਡੀ. ਖੋਜ ਨਿਬੰਧਾਂ ਦਾ ਮਾਰਗਦਰਸ਼ਨ ਕੀਤਾ, ਸੂਚੀਬੱਧ ਅੰਤਰਰਾਸ਼ਟਰੀ ਰਸਾਲਿਆਂ (ਅਤੇ ਤਿੰਨ ਪੁਸਤਕਾਂ) ਵਿੱਚ 100 ਤੋਂ ਵੱਧ ਖੋਜ ਪੇਪਰ ਪ੍ਰਕਾਸ਼ਿਤ ਕੀਤੇ ਹਨ। (Blog: www.drssbhatti.ca , e-mail : surjitsinghbhatti@gmail.com).

**ਸ੍ਰੀਮਤੀ ਨਰਿੰਦਰ ਕੌਰ**, ਪੰਜਾਬ ਯੂਨੀਵਰਸਿਟੀ ਤੋਂ ਐਮ.ਏ (ਅਰਥ ਸ਼ਾਸਤਰ), ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਮ.ਏ. (ਸਮਾਜ ਵਿਗਿਆਨ) ਅਤੇ ਗੋਲਡ ਮੈਡਲ ਨਾਲ, ਐਮ.ਐਸ.ਸੀ. (ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ), ਤੋਂ ਬਾਅਦ ਉਨ੍ਹਾਂ ਨੇ ਖਾਲਸਾ ਕਾਲਜ, ਅੰਮ੍ਰਿਤਸਰ, ਵਿੱਚ ਲਾਇਬ੍ਰੇਰੀਅਨ (1980–2005) ਵਜੋਂ ਕੰਮ ਕੀਤਾ, ਕੈਲਗਰੀ ਵਿੱਚ ਰਹਿੰਦੇ ਅਤੇ ਔਰਤਾਂ ਦੇ ਮੁੱਦਿਆਂ ਬਾਰੇ ਲਿਖਦੇ ਹਨ। (e-mail : surjitsingh.bhatti@gmail.com).

**ਸ਼੍ਰੀਮਤੀ ਰਾਜਵਿੰਦਰ ਕੌਰ ਵੜਿੰਗ** ਨੇ ਸਰਕਾਰੀ ਬ੍ਰਜਿੰਦਰਾ ਕਾਲਜ, ਫਰੀਦਕੋਟ (ਪੰਜਾਬ) ਤੋਂ ਗ੍ਰੈਜੂਏਸ਼ਨ ਕੀਤੀ, ਫਿਰ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੋਂ ਐਮ.ਏ (ਇਤਿਹਾਸ) ਅਤੇ ਐਮ.ਏ (ਅਰਥ ਸ਼ਾਸਤਰ) ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਦੀ ਮੁੱਖ ਰੁਚੀ ਪੰਜਾਬੀ ਵਿੱਚ ਛੋਟੀਆਂ ਕਹਾਣੀਆਂ ਲਿਖਣ ਵਿੱਚ ਹੈ।

**ਸ੍ਰੀਮਤੀ ਮਨਪ੍ਰੀਤ ਕੌਰ ਭਾਟੀਆ** ਐਮ.ਏ., ਬੀ.ਐੱਡ. ਫਿਰੋਜ਼ਪੁਰ (ਪੰਜਾਬ) ਵਿੱਚ ਅਧਿਆਪਕ ਹਨ। ਉਹ ਔਰਤਾਂ ਦੀਆਂ ਸਮੱਸਿਆਵਾਂ ਅਤੇ ਵਾਤਾਵਰਣ ਦੇ ਮੁੱਦਿਆਂ 'ਤੇ ਛੋਟੀਆਂ ਕਹਾਣੀਆਂ ਲਿਖਦੇ ਹਨ ਅਤੇ ਪੰਜਾਬ ਯੂਨੀਵਰਸਿਟੀ ਦੁਆਰਾ ਸਨਮਾਨਿਤ ਕੀਤੇ ਗਏ ਹਨ। ਉਹ ਰੇਡੀਓ ਅਤੇ ਟੀਵੀ ਪੇਸ਼ਕਾਰੀਆਂ ਵੀ ਕਰਦੇ ਹਨ।

**ਸ੍ਰੀਮਤੀ ਰਿਪਨਜੋਤ ਕੌਰ ਬੱਗਾ ਸੋਨੀ** ਨੇ ਬੀ.ਐਸ.ਸੀ. ਮਹਿੰਦਰਾ ਕਾਲਜ ਤੋਂ ਐਮ.ਐਸ.ਸੀ. (ਜ਼ੂਆਲੋਜੀ), ਬੀ.ਐੱਡ. ਅਤੇ ਐਮ.ਐੱਡ. ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੋਂ ਕੀਤੀਆਂ ਹਨ। ਸਰਕਾਰੀ ਕਾਲਜ ਰੋਪੜ ਤੋਂ ਬਾਅਦ ਉਹ ਆਰਮੀ ਸਕੂਲਾਂ ਵਿੱਚ ਪੜ੍ਹਾ ਰਹੇ ਹਨ। '*ਸਰਦਾਰ ਦੀ ਪੱਗ*' ਉਨ੍ਹਾਂ ਦੀ ਪਹਿਲੀ ਕਹਾਣੀ ਦੀ ਕਿਤਾਬ ਹੈ।

**ਰੁਬੀਨਾ ਸਿੰਘ** ਕੈਲਗਰੀ ਯੂਨੀਵਰਸਿਟੀ ਵਿੱਚ ਬੀ.ਐਸ.ਸੀ. (ਬਾਇਓ ਸਾਇੰਸਜ਼) ਦੀ ਵਿਦਿਆਰਥਣ ਹੈ। ਉਹ ਨੌਜਵਾਨਾਂ ਵਿੱਚ ਮਾਨਸਿਕ ਸਿਹਤ 'ਤੇ ਅਲਬਰਟਾ ਹੈਲਥ ਸਿਸਟਮ ਪ੍ਰੋਜੈਕਟ ਦੇ ਨਾਲ ਇੱਕ ਨੌਜਵਾਨ ਖੋਜਕਾਰ ਰਹੀ ਹੈ। ਉਹ "ਡਾਇਗਨੌਸਟਿਕਸ ਵਿੱਚ ਘਟਦੀ ਅਸਮਾਨਤਾਵਾਂ" ਦੀ ਵਾਈਸ ਪ੍ਰੈਜ਼ੀਡੈਂਟ ਹੈ। ਇਹ ਉਸ ਦੀ ਅਗਵਾਈ ਵਾਲੀ ਪਹਿਲਕਦਮੀ ਹੈ ਜੋ ਔਰਤਾਂ ਦੀ ਸਿਹਤ ਅਤੇ ਉਹਨਾਂ ਦੀ ਜਾਂਚ ਵਿਚ ਕਮੀਆਂ ਨਾਲ ਸੰਬੰਧਤ ਹੈ। ਉਸਨੇ ਕੈਲਗਰੀ ਵਿੱਚ ਫੁੱਟਹਿਲਜ਼ ਮੈਡੀਕਲ ਸੈਂਟਰ ਵਿੱਚ ਇੱਕ ਵਲੰਟੀਅਰ ਵਜੋਂ 1000 ਘੰਟਿਆਂ ਤੋਂ ਵੱਧ ਸੇਵਾ ਕੀਤੀ। ਉਸ ਨੇ ਪ੍ਰੋਜੈਕਟ (COVID SPEAKS) ਰਾਹੀਂ ਇਸ ਬੀਮਾਰਈ ਦਾ ਸਾਹਮਣਾ ਕਰ ਰਹੇ ਇੱਕ ਭਾਈਚਾਰੇ ਦੀ ਅਗਵਾਈ ਕੀਤੀ।

**ਰਣਸ਼ੇਰ ਰਾਜ ਸਿੰਘ ਭੱਟੀ** ਇੱਕ ਹਾਈ ਸਕੂਲ ਦੇ ਵਿਦਿਆਰਥੀ ਹਨ ਜੋ ਪ੍ਰਵਾਸੀ ਨੌਜਵਾਨ ਭਾਈਚਾਰੇ ਵਿੱਚ ਕਈ ਭਾਸ਼ਾਵਾਂ ਸਿੱਖਣ ਅਤੇ ਉਹਨਾਂ ਦੀ ਮਹੱਤਤਾ ਦੱਸਣ ਬਾਰੇ ਸ਼ੌਕ ਰੱਖਦੇ ਹਨ। ਗਰਮੀਆਂ ਦੌਰਾਨ ਅਨੰਦ ਲੈਂਣ ਲਈ ਆਪਣੇ ਆਪ ਨੂੰ ਕਮਿਊਨਿਟੀ ਲੀਡਰਸ਼ਿਪ ਦਾ ਸਮਰਥਨ ਕਰਨ ਵਾਲੇ ਪ੍ਰੋਜੈਕਟਾਂ ਵਿੱਚ ਰੁਝੇ ਰਹਿਣਾ ਉਨ੍ਹਾਂ ਨੂੰ ਚੰਗਾ ਲਗਦਾ ਹੈ।

## Authors of the April issue of Sanjhi Virasat

**Dr. Milkha Singh Aulakh,** B. Sc. (Khalsa College, Amritsar), M. Sc. (Pb Agri. Univ, Ludhiana), was a Commonwealth Scholar, and earned his Ph.D. in Soil Biology & Biochemistry from University of Saskatchewan, Canada. Was Fulbright Scholar at University of Nebraska (USA), Project Scientist at International Rice Research Institute, Philippines, and Dean, College of Agriculture at PAU. He was Founder Vice Chancellor of University of Agriculture & Technology (UP). His is among World's 2% highly cited Scientists (Stanford University survey). Delivered about 130 lectures in 30 countries. (e-mail : msaulakh2004@yahoo.co.in).

**Mrs. Gurdish Kaur Grewal** has published 7 books (poetry and prose), is Secretary of Vishav Punjabi Kavi Sabha and General Secretary of Calgary Women Cultural Association. She was many times honored in India and abroad, twice by Federal Government of Canada, and was conferred 'Bhai Veer Singh ji' Award by *Des Panjab Times* Calgary. (e-mail: gurdish.grewal@gmail.com).

**Prof. Maninder Singh**, M.A., was a Lecturer in Guru Nanak College Dhanbad. He taught *Gurmat* to Sikh students in East India, Malaysia, Singapore, Calgary and Edmonton (Canada). He also edited a Panjabi magazine "*Jot te Jugat*" and 4 books online for children. (Web: http://www.mypanorama.ca.)

**Dr. Kala Singh** is a medical graduate from Maulana Azad Medical College, New Delhi, with a passion for Sikh Spirituality and Mental Health Counselling. He published in a medical journal "Spirituality and Health International" and in a book "Gurmat Doctrines" (Part1) – on Amazon.com. He was awarded the *Pravasi Rattan award* at the Global Convention of NRIs in the British Parliament and is an Executive Member (Secretary) of the Multi-Faith Summit Council of BC, Canada. (e-mail: kala.singh18@gmail.com)

**Dr. Devinder Singh Sekhon** obtained M.Sc.(Chemistry) from India and Ph.D.(s) in Chemistry and Educational Administration from California University. He retired as Professor in 2009 and has written 9 books on Sikh religion and scores of research articles and conference papers. He is translating *Sri Guru Granth Sahib* in English. (Website : www.gurbnisandesh.com).

**Dr. Kabal Singh M.Sc.** and Ph.D from Punjab Agricultural University (PAU) Ludhiana, was Head of Agriculture Department, Technical Advisor, and Dean of Colleges in India, Zambia and Canada. He studied *Sri Guru Granth Sahib* and started writing about contemporary issues in light of *Gurbani.* He established a striong rapport with the *Sangat* via Zoom lectures and presentations. (e-mail: singhkabal285@gmail.com)

**Sardar Harpreet Singh Gill** is doing business in Maryland (USA) for the last 20 Years. Earlier he worked as Chief Manager of a Bank in Ludhiana. Gill has published a poetry book. (email : Hgill26@gmail.com.)

**Ms. Rippanjot Kaur Bagga Soni** earned B.Sc. from Mahindra College, followed by M.Sc. (Zoology), B.Ed. and M.Ed. from Panjabi University, Patiala. After a stint at Government College, Ropar, she now teaches at Army School, Patiala. *Sardar Di Pagg* is her first story book.

**Professor (Dr) Surjit Singh Bhatti** was Head (Physics) & Dean (Sciences) at Guru Nanak Dev University and later Director-Principal of a College of Engineering. Visited Italy, England, France, USA and Hong Kong for training/ conferences. Has guided 12 Ph.D dissertations, published above 100 research papers in peer-reviewed, indexed international journals and three textbooks. (Blog: www.drssbhatti.ca, e-mail: surjitsinghbhatti@gmail.com).

**Mrs. Narinder Kaur,** M.A. (Economics), from Panjab University, M.A. (Sociology) and M.Sc. (Library & Information Science), with a Gold Medal, from Guru Nanak Dev University. She worked as Librarian (1980-2005) at Khalsa College, Amritsar, and is now at Calgary. writes about women's issues. (e-mail : surjitsingh.bhatti@gmail.com).

**Ms. Rajwinder Kaur Warring** graduated from Government Brijindra College, Faridkot (Punjab). She earned M.A. (History) and M.A. (Economics) from Punjabi University, Patiala. Her main interest is in writing Short Stories in Punjabi.

**Ms. Manpreet Kaur Bhatia** is an M.A., B.Ed. teacher in Ferozepur (Punjab). She writes Short Stories on problems concerning women and Environmental Issues and was honored by Panjab University for her contributions. She also makes Radio and TV presentations.

**Ms. Rubbina Singh** is a BSc (BioSciences) student at the University of Calgary. She is a passionate community ethusiast who has been a youth researcher with the Alberta Health Systems project on Mental Health in Youth. She is the Vice President of "Decreasing Disparities in Diagnostics" – a student led initiative at the UoC focussed on women's health and their under diagnostics. She served over 1000 hours as a Volunteer at the Foothills Medical Center in Calgary. Rubbina led a community facing COVID-19 knowledge translation project ("COVID Speaks").

**Mr. Ransher Raj Singh Bhatti** is a high school student who is passionate about culture, langauge and their importance in diaspora youth within the community. Ransher enjoys his hikes during summers and keeps himself engaged in projects supporting community leadership.

# <u>ਲੇਖਕਾਂ ਲਈ ਜ਼ਰੂਰੀ ਜਾਣਕਾਰੀ</u>

1. **ਮੈਗਜ਼ੀਨ ਦੀ ਨੀਤੀ**: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ ਅਤੇ ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲੇਖ/ਕਵਿਤਾਵਾਂ (ਹੀ) ਛਾਪਣਾ।
2. **ਪ੍ਰਕਾਸ਼ਨ**: ਸੰਪਾਦਕੀ ਬੋਰਡ ਦੁਆਰਾ ਸਮੀਖਿਆ ਦੇ ਅਧੀਨ (ਨੀਤੀ ਅਨੁਸਾਰ) ਹੀ ਹੋਵੇਗਾ।
3. **ਸੰਪਾਦਕੀ ਬੋਰਡ**: ਲੇਖਕਾਂ/ਕਵੀਆਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ।ਇਸ ਦੀ ਪੂਰੀ **ਜ਼ਿਮੇਵਾਰੀ ਕੇਵਲ ਲੇਖਕਾਂ/ਕਵੀਆਂ ਦੀ ਆਪਣੀ ਹੀ ਹੋਵੇਗੀ।**
4. **ਟਾਈਪਿੰਗ ਫਾਰਮੈਟ**: ਲਿਖਤ ਪੰਜਾਬੀ ਵਿੱਚ ਸਿੰਗਲ ਕਾਲਮ (ਸਧਾਰਨ) ਅਨਮੋਲ ਲਿਪੀ ਵਿਚ ਹੋਵੇ। ਪ੍ਰਿੰਟ-ਸਕ੍ਰੀਨ, ਫੋਟੋਕਾਪੀਆਂ ਅਤੇ ਸਨਿੱਪ-ਟੂਲ ਸਵੀਕਾਰਯੋਗ ਨਹੀਂ ਹੋਣਗੇ।
5. **ਅੰਗਰੇਜ਼ੀ ਸ਼ਬਦ**: ਟਾਈਮਜ਼ ਨਿਊ ਰੋਮਨ, ਫੌਂਟ ਦਾ ਆਕਾਰ (14, ਪਰ ਬੋਲਡ ਨਹੀਂ) ਹੋਣ।
6. **ਲਾਈਨ ਸਪੇਸਿੰਗ**: ਸਿਰਫ਼ ਲੈਪਟੌਪ ਅਨੁਸਾਰ ਸਿੰਗਲ (1.0) ਸਪੇਸਿੰਗ।
7. **ਹਾਸ਼ੀਏ**: ਦੋਵੇਂ ਪਾਸੇ, ਉੱਪਰ ਅਤੇ ਹੇਠਾਂ: ਇੱਕ ਇੰਚ ਹੋਵੇ (ਜੋ ਆਮ ਹੁੰਦਾ ਹੈ)।
8. **ਲਿਖਤ ਦੀ ਹੈਡਿੰਗ**: ਫੌਂਟ ਸਾਈਜ਼ (14, ਬੋਲਡ), ਪੰਜਾਬੀ ਵਿੱਚ, (ਸਧਾਰਨ) ਅਨਮੋਲ ਲਿਪੀ।
9. **ਲੇਖਕ ਦਾ ਨਾਮ**: ਫੌਂਟ ਸਾਈਜ਼ (14, ਬੋਲਡ ਨਹੀਂ); ਅੱਗੇ ਸ਼ਹਿਰ ਦਾ ਨਾਮ ਅਤੇ (ਦੇਸ਼)।
10. **ਲੇਖਕ ਦੇ ਵਿਕਲਪ**: ਲੇਖਕ/ਕਵੀ ਸ਼ੁਰੂ ਵਿਚ ਆਪਣੇ ਨਾਮ ਦੇ ਹੇਠਾਂ (ਜੇ ਚਾਹੁਣ ਤਾਂ) ਆਪਣੀ ਫੋਟੋ, ਫ਼ੋਨ ਨੰਬਰ, ਈ-ਮੇਲ, ਵੱਟਸਐਪ ਦੇ ਸਕਦੇ ਹਨ (ਪਰ ਇਹ ਜ਼ਰੂਰੀ ਨਹੀਂ ਹੈ)।
11. **ਜਾਣ-ਪਛਾਣ ਲਈ:** ਸੰਖੇਪ (4 ਲਾਈਨਾਂ ਵਿਚ) ਆਪਣੇ ਬਾਰੇ ਜਾਣਕਾਰੀ ਦਿਓ ਜੀ।
12. **ਲੇਖ/ਕਵਿਤਾ**: ਸਿਰਫ ਈਮੇਲ ਦੁਆਰਾ ਲੈਪਟੌਪ ਤੋਂ ਹੀ ਭੇਜੋ, ਮੋਬਾਈਲ ਤੋਂ ਨਹੀਂ ।
13. **ਲਿਖਤ ਦੀ ਲੰਬਾਈ**: ਲੈਪਟਾਪ ਦੇ ਉਪੱਰ ਦੱਸੇ ਫਾਰਮੈਟ ਵਿੱਚ ਵੱਧ ਤੋਂ ਵੱਧ ਦੋ ਪੰਨੇ (400 ਸ਼ਬਦਾਂ ਤਕ ਇਕ ਸਫੇ ਉਤੇ)। (ਫੋਟੋ ਸਪੇਸ ਸਮੇਤ, ਜੇ ਲੇਖਕ ਨੇ ਫੋਟੋ ਲਾਉਣੀ ਹੈ ਤਾਂ)।
14. **ਲੰਬੇ ਲੇਖ**: ਵੈੱਬਸਾਈਟ (sanjihivrasat.org) ਦੇ ਬਲੌਗ (Blog) 'ਤੇ ਪਾ ਦਿੱਤੇ ਜਾਣਗੇ।
15. **ਮੌਲਿਕਤਾ**: ਲੇਖਕ ਲਿਖ ਭੇਜਣ ਕਿ ਕਾਪੀਰਾਈਟ ਉਲੰਘਣਾ (Copyright Infringement) ਨਹੀਂ ਹੋਈ ਹੈ। ਇਹ ਲੇਖ/ਕਵਿਤਾ ਵਾਲੀ ਈਮੇਲ ਦੇ ਨਾਲ ਹੀ ਹੋਣੀ ਜ਼ਰੂਰੀ ਹੈ।
16. **ਹਵਾਲੇ** (References): ਲੇਖ ਦਾ ਟਾਈਟਲ, ਮੂਲ ਲੇਖਕ ਅਤੇ ਜਰਨਲ/ਕਿਤਾਬ ਦਾ ਨਾਮ ਤੇ ਸਾਲ ਦਿਓ। ਗੁਰਬਾਣੀ ਦਾ ਸਰੋਤ ਤੇ ਪੰਨਾ ਨੰਬਰ ਦਿਓ। ਫੋਟੋ (ਜੇ ਲਾਈ ਹੈ ਤਾਂ) ਕਿਥੋਂ ਲਈ ਗਈ ਹੈ, ਲਿਖਣਾ ਜ਼ਰੂਰੀ ਹੈ।

## Important Information for Authors

| | |
|---|---|
| 1. Magazine Policy | :To Promote Punjabi Culture, History & Heritage using Secular, Non-Political, Non-Personal Articles/Poems. |
| 2. Publication | : Subject to Review by an Editorial Board (as per policy). |
| 3. Editorial Board | : Will not be responsible for the views of Authors /Poets. |
| 4. Typing Format | : Single column in Panjabi (Simple) Anmol Lipi, 12 font. (Print-screen, Photocopy and Snip-tool not Acceptable) |
| 5. English words | : Times New Roman, Font size (14, not bold). |
| 6. Line Spacing | : Single Spacing (1.0) on PC/Laptop. |
| 7. Margins | : One Inch all sides |
| 8. Article Heading | : Font size (14, bold), in Panjabi, (Simple) Anmol Lipi. |
| 9. Author's Name | : Font Size (14, not bold); and Name of city (Country). |
| 10. Author's Contact | : (Optional) May (or may not) give his/her Photo, Phone, e-mail, or WhatsApp Address for publication |
| 11. Introduction | : Author's introduction may be given in brief (4 lines) |
| 12. Authors' mail | : Authors should send their Articles/Poems by e-mail only. |
| 13. Maximum Length | : Two pages (900 words total) in MSWord format. Mobile formats not acceptable. (Including Photo space if Author has opted for it). |
| 14. Longer Articles | : To be placed on Blog on Website (sanjhivirasat.org). |
| 15. Originality | : Authors will certify there is No Copyright Infringement. |
| 16. References | : Articles (Author, Title, Journal/Book, Year), Gurbani (Source, page), Photo (Acknowledgement) required. |

## ਸੰਪਾਦਕੀ ਮੰਡਲ



ਡਾ. ਰਾਜਾ ਬਲਰਾਜ ਸਿੰਘ



ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ. ਜਗਬੀਰ ਸਿੰਘ ਕੋਹਲੀ



ਸ. ਪਰਮਜੀਤ ਸਿੰਘ



ਪ੍ਰਿਸੀਪਲ ਮਨਮੋਹਨ ਕੌਰ



ਡਾ. ਰਾਜਬੀਰ ਸਿੰਘ ਭੱਟੀ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ